# ਸਿੰਘ ਬਹਾਦਰ

# ਸ: ਜੱਸਾ ਸਿੰਘ

## ਰਾਮਗੜ੍ਹੀਆ

PB
954.55
H 747 J

ਲੇਖਕ:-

P
954.55
H 747 J

ਹਜ਼ਾਰਾ ਸਿੰਘ ਗੁਰਦਾਸ ਪੁਰੀ

# ਸਮਰਪਣ

## ਸਰਦਾਰ ਹਰਭਜਨ ਸਿੰਘ ਜੀ ਜੰਡੂ

## ਨੂੰ

ਜੋ ਉਸ ਧਰਤੀ ਦੇ ਹਨ ਜਿਸ ਧਰਤੀ ਨੇ ਸਿੰਘ ਬਹਾਦਰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਵਰਗੇ ਸੂਰ ਬੀਰ ਪੈਦਾ ਕੀਤੇ।

ਆਪ ਨੇ ਆਪਣੀ ਕਿਰਪਾ ਦ੍ਰਿਸ਼ਟੀ ਨਾਲ ਮੇਰਾ ਕਦੇ ਦਿਲ ਨਾਂ ਟੁਟਣ ਦਿਤਾ।


PB
954.55
H747J

ਹਜ਼ਾਰਾ ਸਿੰਘ
ਗੁਰਦਾਸ ਪੁਰੀ


Date

"ਅਮ੍ਰਿਤ ਪ੍ਰੈਸ" ਮੁਲਤਾਨੀ ਢਾਂਡਾ ਪਹਾੜ ਗੰਜ ਨਵੀਂ ਦਿੱਲੀ ਵਿਚ ਛਪਿਆ।

Library IIAS, Shimla
P 954.55 H 747 J
00021839



ਸਿੰਘ ਬਹਾਦਰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ।



# FOREWORD

(By Sir Gokal Chand Narang, Kt. M. A.Ph.D
Ex-Minister Punjab)

I have read with much interest Sardar Hazara Singh Gurdaspuri's book " Jassa Singh Ramgarhia· When the Moghal Empire was tottering under the onslaughts of the Maharattas in the South and the invasions of Nadir Shah and Ahmad Shah Abdali in the North, the Singhs of Guru Govind Singh whom Banda had trained to fight and conquer were rising like Mushrooms all over the Central and Eastern Panjab- Sardar Jassa Siugh was one of the most adventurous of the Shiks who were laying the fouudations of national principalities where ever the Moghal and subsequently the Afghan administration collapsed. Having risen from an humble position he succeeded in carving out quite a considerable state iu the Jullundur Division with an effective army of 12, 000 horsemen. He started by establishing a small fortress near Amritsar, called by him Ram Rouni. This came later to be known as Ramgarh and it was with reference to this stronghold

that the Sardar who was at first known as Jassa Singh Thoka in View of his hereditary calling came to be known as Sardar Jassa Singh Ramgarhia. Subsequently not only, the Misal founded by him was known as Ramgarhia, but every member of the tribe to which the Sardar belonged, adopted with commendable pride the title of Ramgarhia.

Sardar Hazara Singh has traced from authentic historical records the life and achievements of the Sardar. These achievements form quite a glorious episode in Sikh history and I have no doubt that the book will be read with interest by all interested in the history of the Sikhs and would have a special appeal for members of the Ramgarhia clan, which is quite a go ahead community of the Punjab.

G. C. Narang

## ਸਰਦਾਰ

# ਜੱਸਾ ਸਿੰਘ ਰਾਮਗੜ੍ਹੀਆ

### ਖਾਨਦਾਨ

## ਭਾਈ ਹਰਦਾਸ ਸਿੰਘ—ਗਿਆਨੀ ਭਗਵਾਨ ਸਿੰਘ

ਉਂਜ ਤਾਂ ਪੰਜ ਦਰਿਆਵਾਂ ਦੀ ਧਰਤੀ ਦੇ ਸਾਰੇ ਹੀ ਦੁਆਬਿਆਂ ਨੇ ਸਮੇਂ ਸਮੇਂ ਸਿਰ ਬੜੇ ਬੜੇ ਹਠੀ, ਤਪੀ, ਸੂਰਬੀਰ, ਦਾਤੇ, ਸ਼ਹੀਦ ਪੈਦਾ ਕਰਕੇ ਇਸਦੀਆਂ ਸ਼ਾਨਾਂ ਨੂੰ ਅਸਮਾਨ ਨਾਲ ਲਾ ਦਿਤਾ ਹੈ, ਪਰ ਜਿਨਾ ਮਾਣ ਇਨਾ ਅਨਮੋਲ ਹੀਰਿਆਂ ਦੇ ਉਗਲਣ ਦਾ ਦੁਆਬਾ ਬਾਰੀ ਨੂੰ ਪ੍ਰਾਪਤ ਹੈ, ਉਨਾ ਸ਼ੈਦ ਹੀ ਇਸ ਦੇ ਕਿਸੇ ਹੋਰ ਹਿਸੇ ਨੂੰ ਹੋਵੇ।

ਦੁਆਬਾ ਬਾਰੀ ਦੀ ਲੰਮੀ ਸਰੂ ਵਰਗੀ ਧਰਤੀ, ਖੁਲੀਆਂ ਮਲਗਜ਼ਾਰਾਂ, ਤੇ ਹਥ ਦੀ ਹਥੇਲੀ ਵਰਗੇ ਸੋਹਣੇ ਇਕ ਮਈ ਪਧਰ ਨੇ, ਇਸ ਦੇ ਬੰਦਿਆਂ ਨੂੰ ਖੂਬਸੂਰਤ, ਲੰਮੇ ਕਦਾਂ ਵਾਲੇ ਜਿਸਮਾਂ ਦੇ ਸਡੋਲ ਦਿਲਾਂ ਦੇ ਸਾਫ ਨਿਡਰ ਤੇ ਨਿਰਭੈ ਮਨੁਖ ਬਣਾ ਕੇ ਦੁਨੀਆਂ ਦੇ ਸਾਹਮਣੇ ਪੇਸ਼ ਕੀਤਾ ਹੈ। ਇਨਾਂ ਦੇ ਦਿਲਾਂ ਅੰਦਰ ਇਕ ਖੁਲ ਹੈ, ਤੇ ਅਗੇ ਵਧਣ ਦੀ ਤੜਫ। ਰਾਵੀ ਦੀ ਤੇਜ਼ੀ ਤੇ ਬਿਆਸਾ ਦੀ ਗੰਭੀਰਤਾ, ਇਨਾਂ ਅੰਦਰ ਬੱਦਲ ਤੇ ਬਿਜਲੀ ਬਣਕੇ ਸਮਾ ਗਈ ਹੈ। ਏਹੋ ਕਾਰਨ ਹੈ ਜੋ ਇਸ ਛੋਟੇ ਜਹੇ ਟੁਕੜੇ ਨੂੰ ਸੰਸਾਰ ਵਿਚ ਸੂਰਮਿਆ ਦਾ ਦੇਸ ਕਿਹਾ ਜਾਂਦਾ ਹੈ।

੧੭੨੩ ਈਸਵੀ ਦੀ ਗਲ ਹੈ। ਏਸੇ ਧਰਤੀ ਦੇ ਇਕ ਛੋਟੇ

ਜਹੇ ਪਿੰਡ ਈਚੋਂ ਗਿਲ ਵਿਚ ਸਿੰਘ ਬਹਾਦਰ ਸ੍ਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਪੈਦਾ ਹੋਏ। ਆਪ ਜੀ ਦੇ ਮੁਢਲੇ ਹਾਲਾਂ ਦੀ ਬਾਬਤ ਇਤਿਹਾਸਕਾਰ ਐਨੇ ਖਮੋਸ਼ ਹਨ ਕਿ ਕੁਝ ਬੀ ਪਤਾ ਨਹੀਂ ਲਗਦਾ ਤੇ ਜੋ ਭਾਲ ਕੀਤਿਆਂ ਕਿਤੋਂ ਕਿਤੋਂ ਲਭਦੇ ਹਨ, ਉਹ ਵੀ ਟੁਟੇ ਭਜੇ ਹੋਏ। ਇਤਿਹਾਸ ਦਸਦਾ ਹੈ, ਆਪ ਜੀ ਦੇ ਪਿਤਾ ਦਾ ਨਾਮ ਸ੍ਰਦਾਰ ਭਗਵਾਨ ਸਿੰਘ ਸੀ, ਬੱਬਰ ਜਾਂ ਬਬਰਾਏ ‡ ਗੋਤ । ਇਹਨਾਂ ਦੇ ਬਜ਼ੁਰਗ ਕਦੋ ਤਰਖਾਣਾ ਕੰਮ ਕਰਦ ਸਨ। ਆਪ ਜੀ ਦੇ ਬਾਬੇ ਸ੍ਰਦਾਰ ਭਗਵਾਨ ਸਿੰਘ ਦੇ ਪਿਤਾ, ਭਾਈ ਹਰਦਾਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਅੰਮ੍ਰਤ ਛਕਿਆ ਤੇ ਆਪਣੇ ਕਟੰਬ ਦੇ ਹੋਰ ਸਜਨਾ ਨੂੰ ਵੀ ਛਕਾ ਕੇ ਖਾਲਸਾ ਜਥੇ ਬੰਦੀ ਵਿਚ ਸ਼ਾਮਲ ਕੀਤਾ। ਇਹ ਉਨਾ ਦਿਨਾਂ ਦੀਆਂ ਗਲਾਂ ਹਨ ਜਦੋਂ ਸ੍ਰੀ ਅਨੰਦ ਪੁਰ ਦਿਆ ਜੁਧਾਂ ਜੰਗਾਂ ਦਾ ਸਿਲਸਲਾ ਸ਼ੁਰੂ ਹੋ ਚੁਕਾ ਸੀ ਅਤੇ ਨਿਤ ਨਵੇਂ ਸੂਰਜ ਮਾਝੇ ਅਤੇ ਮਾਲਵੇ ਦੇ ਸੈਂਕੜੇ ਲੋਕ ਸਿੰਘ ਸਜ ਸਜਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰ ਰਹੇ ਸਨ। ਇਤਿਹਾਸ ਦਸਦਾ ਹੈ ਜੁ ਭਾਈ ਹਰਦਾਸ ਸਿੰਘ ਜੀ ਕਿਨਾ ਹੀ ਚਿਰ ਗੁਰੂ ਜੀ ਦੀ ਹਜ਼ੂਰੀ ਵਿਚ ਰਹੇ ਤੇ ਫੇਰ ਜਦੋਂ ਗੁਰੂ ਜੀ ਪੰਜਾਬ ਛਡਕੇ ਮੁਲਖ ਦਖਣ ਨੂੰ ਚਲੇ ਗਏ ਤਾਂ ਆਪ ਵੀ ਆਪਣੇ ਵਤਨ ਮਾਝੇ ਨੂੰ ਤੁਰ ਆਏ। ਅੰਤ ਜਦੋਂ ਬੰਦਾ ਗੁਰੂ ਜੀ ਦਾ ਹੁਕਮ ਲੈਕੇ ਪੰਜਾਬ ਵਲ ਵਧਿਆ ਤਾਂ ਆਪ ਫੇਰ ਜੰਗੀ ਦਲਾਂ ਵਿਚ ਸ਼ਾਮਲ ਹੋਕੇ ਜ਼ਾਲਮਾਂ ਦੀ ਸੋਧ ਵਿਚ ਲਗ ਗਏ। ੧੨ ਮਈ ੧੭੧੦ ਈਸਵੀ ਨੂੰ ਬੰਦੇ ਨੇ ਸਰਹੰਦ ਮਾਰੀ ਆਪ ਇਸ ਜੁਦ ਤੇ ਹੋਰ ਛੋਟੀਆ ਵਡੀਆਂ ਸਭਨਾਂ ਲੜਾਈਆਂ ਵਿਚ ਲੜਦੇ ਰਹੇ ਤੇ ਅਖੀਰ

---

‡ Babbr Alias Babrai
( Tribes & Casts V. 2. P. 31 )

੧੭੧੫ ਈਸਵੀ ਵਿਚ ਗੁਰਦਾਸ ਪੁਰ ਦੇ ਲਾਗੇ ਕਿਸੇ ਲੜਾਈ ਵਿਚ ਸ਼ਹੀਦ ਹੋ ਗਏ।

ਭਾਈ ਹਰਦਾਸ ਸਿੰਘ ਜੀ ਦਾ ਇਕੋ ਇਕ ਸਪੁਤ੍ਰ ਸ੍ਰਦਾਰ ਭਗਵਾਨ ਸਿੰਘ ਸੀ। ਇਸ ਬਲੀ ਪੁਰਖ ਦੀ ਬਾਬਤ ਸਿਖ ਤ੍ਵਾਰੀਖ ਦਾ ਕਰਤਾ ਭਾਈ ਗਿਆਨ ਸਿੰਘ ਲਿਖਦਾ ਹੈ, ਸ੍ਰਦਾਰ ਭਗਵਾਨ ਸਿੰਘ ਵੀ ਆਪਣੇ ਪਿਤਾ ਵਾਂਗ ਕੌਮੀ ਪਿਆਰ ਵਾਲਾ ਗੁਰਮੁਖ ਤੇ ਇਕ ਬਲੀ ਪੁਰਖ ਹੋਇਆ ਹੈ। ਆਪਣੀ ਜ਼ਿੰਦਗੀ ਵਿਚ ਅਨੇਕ ਜੁਦਾਂ ਜੰਗਾ ਵਿਚ ਸ਼ਾਮਲ ਰਿਹਾ। ਕਹਿੰਦੇ ਹਨ ਸੂਬੇ ਖਾਨ ਬਹਾਦਰ ਨੇ ਜਦੋਂ ਆਪਣੇ ਆਪ ਨੂੰ ਬੜੀ ਔਕੜ ਵਿਚ ਪਿਆ ਵੇਖ ਕੇ ਆਪਣੇ ਪਾਸ ਇਕ ਸਿੰਘਾਂ ਦਾ ਜਥਾ ਰਹਿਣ ਦੀ ਦਰਖਾਸਤ ਕੀਤੀ ਸੀ, ਉਨੀ ਦਿਨੀ ਸਰਦਾਰ ਭਗਵਾਨ ਸਿੰਘ ਲਾਹੌਰ ਗਿਆ ਤੇ ਆਪਣੀ ਲਿਆਕਤ ਨਾਲ ਸੌ ਸਵਾਰਾਂ ਦਾ ਸਰਦਾਰ ਹੋ ਗਿਆ। ਨਾਰੰਗ ਦਸਦਾ ਹੈ, ਭਾਈ ਭਗਵਾਨ ਸਿੰਘ ਖਾਲਸੇ ਵਿਚ ਬੜਾ ਸਰਗਰਮ ਸਿਖ ਤੇ ਗਿਆਨੀ ਮਸ਼ਹੂਰ ਸੀ। †

ਆਖਦੇ ਹਨ ਇਸ ਨਿਡਰ ਤੇ ਵਰਿਆਮ ਪੁਰਖ ਦੀ, ਸਿਆਣਪ ਤੇ ਬਹਾਦਰੀ ਨਾਲ ਨਾਦਰ ਗਰਦੀ ਦੇ ਦਿਨਾ ਵਿਚ ਖਾਨ ਬਹਾਦਰ ਜ਼ਿਕਰੀਏ ਖਾਨ ਦੇ ਕਈ ਔਖੇ ਕੰਮ ਨਿਕਲੇ ਜਿਸ ਤੋਂ ਖੁਸ਼ ਹੋਕੇ ਉਸ ਨੇ ਇਸ ਦੇ ਪੰਜਾ ਬੇਟਿਆਂ ਦੇ ਨਾਂ ਅੰਮ੍ਰਤਸਰ ਦੇ ਇਰਦੇ ਗਿਰਦੇ ਦੇ ਪੰਜ ਪਿੰਡ ਲਾਏ। ਇਹ ਪੰਜ ਪਿੰਡ ਕਦ ਤਕ ਇਸ ਖਾਨਦਾਨ ਪਾਸ ਰਹੇ, ਇਸ ਦੀ ਬਾਬਤ ਕੁਝ ਕਿਹਾ ਨਹੀਂ ਜਾ ਸਕਦਾ। ਕਿਉਂਕਿ ਨਾਦਰ ਦੇ ਵਾਪਸ ਝਨਾ ਟਪਣ ਤੋਂ ਬਾਅਦ ਹੀ ਸਿੰਘਾਂ ਤੇ ਸਖਤੀ ਦਾ ਦੌਰਾ ਸ਼ੁਰੂ ਹੋਗਿਆ ਸੀ।

---

† (Bhagwan Singh) Called for his Knowledge of the Granth Bhagwana (Singh) Gyani. Narang,

* ਰਾਈਸਾਨੇ ਪੰਜਾਬ ਦਾ ਕਰਤਾ ਲਿਖਦਾ ਹੈ, ਭਗਵਾਨ (ਸਿੰਘ) ਨੇ ਜਿਸਦੀ ਤਬੀਅਤ ਵਿਚ ਜ਼ਿਆਦਾ ਜੁਰਅਤ ਸੀ ਪਾਹੁਲ ਲਈ ਅਰ ਪਾਹੁਲ ਲੈਕੇ ਜਦੋਂ ਉਹਦੇ ਨਾਮ ਨਾਲ ਲਫ਼ਜ਼ ਸਿੰਘ ਲਗਾ ਤਾਂ ਉਹ ਮੁਲਕ ਵਿਚ ਫਿਰਦਾ ਰਿਹਾ ਅਤੇ ਆਪਣੇ ਨਵੇਂ ਮਹਜ਼ਬ ਵਿਚ ਲੋਕ ਸ਼ਾਮਲ ਕਰਦਾ ਰਿਹਾ। ਛੇਕੜ ਉਹ ਈਚੋ ਗਿਲ ਵਿਚ ਜਾ ਵਸਿਆ, ਜਿਥੇ ਉਸਦੇ ਘਰ ਪੰਜ ਬੇਟੇ ਪੈਦਾ ਹੋਏ-ਜੈ ਸਿੰਘ, ਜੱਸਾ ਸਿੰਘ, ਖੁਸ਼ਹਾਲ ਸਿੰਘ, ਮਾਲੀ ਸਿੰਘ ਅਰ ਤਾਰਾ ਸਿੰਘ। ਇਨਾਂ ਵਿਚੋਂ ਚਾਰ ਪਿਛਲੇ ਰਾਮਗੜ੍ਹੀਆ ਮਿਸਲ ਦੇ ਸਰਦਾਰ ਹੋਏ ਇਨਾਂ ਭਾਈਆਂ ਦੀਆਂ ਉਮਰਾਂ ਵਿਚ ਕੋਈ ਐਨਾਂ ਫਰਕ ਨਹੀਂ ਸੀ।

ਸ੍ਰਦਾਰ ਭਗਵਾਨ ਸਿੰਘ ਜੀ ਦੀ ਕਦ ਮੌਤ ਹੋਈ। ਕੋਈ ਇਤਿਹਾਸ ਏਸ ਤੇ ਕੋਈ ਠੀਕ ਚਾਨਣਾ ਨਹੀਂ ਪਾਉਂਦਾ। ਪਰ ਲੜੀ ਵਾਰ ਵਕਿਆਤ ਨੂੰ ਪੜ੍ਹਕੇ ਤੇ ਵਿਚਾਰਨ ਦੇ ਪਿਛੋਂ ਛੇਕੜ ਏਸ ਗਲ ਤੇ ਪੁਜ ਜਾਈਦਾ ਹੈ, ਕਿ ਇਹ ਬੀਰ ਪੁਰਖ ਸਨ ੧੭੩੯ ਦੇ ਵਿਚ ਵਿਚ ਕਿਧਰੇ ਨਾਦਰ ਸ਼ਾਹ ਨਾਲ ਲੜਕੇ ਆਪਣੇ ਦੇਸ਼ ਤੋਂ ਆਪਾ ਵਾਰ ਗਿਆ। ਕਿਉਂਕਿ ਇਸ ਸਾਲ ਤੋਂ ਬਾਅਦ ਇਸ ਧਰਮੀ ਯੋਧੇ ਦਾ ਨਾਂ ਕਿਸੇ ਘਟਨਾਂ ਵਿਚ ਨਹੀਂ ਆਉਂਦਾ। +

---

* —......... Bhagwan of a more adventurous disposition, took the Pauhal, and with the adition of Singh to his name wandered about the Country, making Converts to his new faith. He at length settled at Ichugil, where there were born to his five Sons, the four last of whom became noted men and leaders of the Ramgarhia Misal. Griffin P. 439 Punjab Chiefs.

# ਸਰਦਾਰ ਜੱਸਾ ਸਿੰਘ ਰਾਮਗੜ੍ਹੀਆ

ਦਾ ਪਹਿਲਾ ਕੰਮ

# ਪੰਥ ਵਲੋਂ ਵਕੀਲ ਹੋਕੇ ਅਦੀਨਾ ਬੇਗ ਪਾਸ ਗਏ

ਸੰਨ ੧੭੩੯ ਵਿਚ ਨਾਦਰ ਆਇਆ, ਤੇ ਇਸ ਦੇ ਹਲੇ ਨੇ ਮੁਗਲਾਂ ਦੀ ਬਾਦਸ਼ਾਹੀ ਦਾ ਸਾਰਾ ਪ੍ਰਬੰਧ ਭਨ ਤੋੜ ਕੇ ਤਬਾਹ ਕਰ ਸੁਟਿਆ। ਮੁਗਲਾਂ ਪਾਸ ਨਾ ਫੌਜ ਰਹੀ ਨਾ ਖਜ਼ਾਨਾ। ਨਾ ਰੋਬ, ਨਾ ਦਬ ਦਬਾ। ਪੰਜ ਛੇ ਮਹੀਨੇ ਈਰਾਨੀ ਮੁਲਖ ਵਿਚ ਰਹੇ, ਇਕ ਕਿਆਮਤ ਆਈ ਰਹੀ। ਜਿਸ ਨੇ ਜੋ ਜੀ ਚਾਹਿਆ ਕੀਤਾ। ਇਤਿਹਾਸਕਾਰਾਂ ਦਾ ਖਿਆਲ ਹੈ, ਜੇ ਇਸ ਸਮੇਂ ਨੂੰ ਖਾਲਸੇ ਦੀ ਚੜ੍ਹਦੀ ਕਲਾ ਦਾ ਮੁਢ ਕਿਹਾ ਜਾਵੇ ਤਾਂ ਬਿਲਕੁਲ

---

+ ਨਵਾਬ ਜ਼ਿਕਰੀਆ ਖਾਨ ਭਾਂਵੇ ਖਾਲਸੇ ਦਾ ਅਤ ਵੈਰੀ ਸੀ, ਪਰ ਸਿੰਘਾਂ ਨੇ ਇਸ ਗਲ ਨੂੰ ਮੁਖ ਰਖਕੇ ਉਸ ਦੀ ਮਦਦ ਕੀਤੀ ਜੁ ਬਾਹਰੋਂ ਆਏ ਹਮਲਾਵਰ ਦਾ ਟਾਕਰਾ ਕਰਨਾ ਸਾਡਾ ਧਰਮ ਹੈ। ਨਾਲੇ ਨਾਦਰ ਭਾਰਤ ਦੇ ਦੇਸ਼ ਭਗਤਾਂ ਨੂੰ ਵੰਗਾਰ ਦਾ ਜਾਪਦਾ ਹੈ। ਇਸ ਗਲ ਦੀ ਟੋਹ "ਵਾਰ ਨਾਦਰ ਸ਼ਾਹ" ਕ੍ਰਿਤ ਨਜਾਬਤ ਵਿਚੋਂ ਲਗਦੀ ਹੈ। ਜਿਸ ਵਿਚ ਉਹ ਸਨਿਆਈਆਂ ਨੂੰ ਲਲਕਾਰਦਾ ਹੈ, ਹੋ ਸਕਦਾ ਹੈ, ਏਸੇ ਤਰਾਂ ਸਿੰਘਾ ਨੂੰ ਵੀ ਵੰਗਾਰਿਆ ਹੋਵੇ।

ਨਾਦਰ ਸਨਿਆਸੀਆਂ ਨੂੰ ਆਖਦਾ ਹੈ।

ਸ਼ਾਹ ਨਾਜਰ ਗਲ ਅਲਾਈ ਸਖਤੀ ਬੋਲਕੇ।
ਤੁਸੀ ਹੋ ਸੋਟੂਗੜ ਗਦਾਈ ਹਿੰਦੁਸਤਾਨ ਦੇ।

ਦੁਰੁਸਤ ਹੈ। ਇਨ੍ਹਾਂ ਦੇ ਛੋਟੇ ਛੋਟੇ ਜਥਿਆਂ ਨੇ ਲਹੂ ਪੀਣੇ ਮੁਖਬਰਾਂ, ਪੰਚਾਂ ਚੌਧਰੀਆਂ, ਤੇ ਜ਼ਾਲਮ ਸਰਕਾਰੀ ਅਫਸਰਾਂ ਤੋਂ ਪਿਛਲੀ, ਬੰਦੇ ਦੇ ਪਿਛੋਂ ਹੋਈ, ਕਤਲਾਮ ਦੇ ਬਿਦ ਬਿਦ ਕੇ ਬਦਲੇ ਲਏ, ਤੇ ਲਾਹੌਰ ਤੋਂ ਲੈਕੇ ਪਹਾੜ ਦੀ ਕੰਢੀ ਤਕ ਕੋਈ ਐਸਾ ਦੋਖੀ ਨਾ ਛਡਿਆ ਜਿਸ ਨੂੰ ਲੁਟ ਪੁਟ ਕੇ ਬਰਬਾਦ ਨਾ ਕਰ ਦਿਤਾ ਹੋਵੇ। ਸਾਰੇ ਮਸ਼ਹੂਰ ਹੈ, ਜਿਸ ਨਾਦਰ ਸ਼ਾਹ ਦੇ ਨਾਂ ਤੋਂ ਬਾਦਸ਼ਾਹੀਆਂ ਥਰ ਥਰ ਕੰਬਦੀਆਂ ਸਨ, ਦਿਲੀਓਂ ਮੁੜਦੀ ਵਾਰੀ ਉਸ ਦੀ ਫੌਜ ਨੂੰ ਵੀ ਇਨਾਂ ਨੇ ਝਾੜਕੇ ਹੌਲਾ ਕਰ ਦਿਤਾ।

ਐਹਮਦ ਸ਼ਾਹ ਬਟਾਲੀਆ ਜਿਸ ਨੇ ੧੯ ਵੀਂ ਸਦੀ ਦੇ ਸ਼ੁਰੂ ਵਿਚ ਆਪਣਾ ਇਤਿਹਾਸ ਰਚਿਆ ਹੈ, ਨਾਦਰ ਤੇ ਖਾਨ ਬਹਾਦਰ ਜ਼ਿਕਰੀਆ ਖਾਨ ਦੇ ਦਰਮਿਆਨ ਜੋ ਫੌਜਾਂ ਦੇ ਲੁਟੇ ਜਾਣ ਬਾਬਤ ਗਲਾਂ ਬਾਤਾਂ ਹੋਈਆਂ, ਐਉਂ ਲਿਖਦਾ ਹੈ, ਨਾਦਰ-ਏਥੇ

---

ਕੋਈ ਦੇਂਦੇ ਲੋਗ ਗਵਾਹੀ, ਤੁਹਾਡੇ ਫਕਰ ਦੀ।
ਹੁਣ ਜਾਂਦੇ ਹੋ ਹੈਫ਼ ਕਮਾਈ, ਲੱਜ ਨ ਵਤਨ ਦੀ।
ਸਿਰ ਖਾਕ ਤੁਹਾਡੇ ਪਾਈ, ਜਾਓ ਨੱਸਕੇ।
ਸ਼ਾਹ ਨਾਜਰ ਕਹਿੰਦਾ ਜਾਇ ਸਾਰੀ ਫੌਜ ਵਿਚ।

(ਭੂਪਤ ਨਾਥ ਸਨਿਆਸੀ ਨੂੰ ਕਿਸੇ ਜਾ ਦਸਿਆ)

ਕਿਸੇ ਜਾ ਇਹ ਗਲ ਸੁਣਾਈ ਭੂਪਤ ਨਾਥ ਨੂੰ।
ਹੋ ਮੁੜਕੋ ਮੁੜਕਾ ਜਾਏ ਗੁੱਸਾ ਕਹਿਰ ਦਾ।
ਤੁਸਾਂ ਕਰਨੀ ਖੂਬ ਲੜਾਈ ਜਿਤਨੇ ਸੂਰਮੇ।
ਭੂਪਤ ਰਾਇ ਸੰਨਿਆਸੀ ਸਦ ਪੁਛੇ ਬੀਰਾਂ।
ਇਹ ਉਤਰੇ ਦੇ ਵਲਾਇਤੋਂ ਹਥ ਪਗੜ ਗਡੀਰਾਂ।
ਉਹ ਦੇਣ ਧਕਾ ਦਿਵਾਲ ਨੂੰ ਕਰ ਸਟਣ ਲੀਰਾਂ।

ਕੋਈ ਸ਼ੁਰੀਦਾ ਲੋਕ ਰ਼ਹਿੰਦੇ ਹਨ।

ਜ਼ਿਕਰੀਆ–ਨਹੀਂ, ਸਵਾਏ ਇਕ ਹਿੰਦੂ ਫਕੀਰਾਂ ਦੇ ਟੋਲੇ ਦੇ ਜਿਹੜੇ ਦੋ ਵਾਰੀ ਇੱਕਠੇ ਹੁੰਦੇ ਹਨ ਇਕ ਤਾਲਬ ਤੇ ਨਾਉਣ ਲਈ, ਜਿਨ੍ਹੂ ਕਿ ਉਹ ਸਵਾਬ ਦੀ ਜਗਾ ਸਮਝਦੇ ਹਨ।

ਨਾਦਰ–ਉਨ੍ਹਾਂ ਦੇ ਘਰ ਘਾਟ ਕਿਥੇ ਹਨ।

ਜ਼ਿਕਰੀਆ–ਉਨਾਂ ਦੇ ਘਰ ਉਨ੍ਹਾਂ ਦੇ ਘੋੜਿਆਂ ਦੀਆਂ ਕਾਠੀਆਂ ਹਨ

ਨਾਦਰ–ਤਾਂ ਮਲੂਮ ਹੁੰਦਾ ਹੈ ਇਹ ਬਾਗੀ ਕਿਸੇ ਦਿਨ ਬਾਦਸ਼ਾਹੀ ਲੈ ਲੈਣਗੇ।

ਨਾਦਰ ਤਾਂ ਇਹ ਆਖ ਕੇ ਆਪਣੀ ਵਲਾਇਤ ਨੂੰ ਮੁੜ ਗਿਆ। ਪਰ ਸੂਬੇ ਖਾਂਨ ਬਹਾਦਰ ਨੂੰ ਬੜੀ ਨਮੋਸ਼ੀ ਹੋਈ। ਉਸ ਨੂੰ ਚਿਪ ਚੜ੍ਹ ਗਈ। ਉਸ ਨੇ ਛੇਤੀ ਹੀ, ਨੰਬਰ ਦਾਰਾਂ ਚੌਧਰੀਆਂ, ਨਾਜ਼ਮਾਂ ਤੇ ਇਲਾਕਿਆਂ ਦੇ ਫੌਜਦਾਰਾਂ ਦੇ ਨਾਮ ਸਾਰੇ ਮੁਲਖ ਵਿਚ

---

ਕਦ ਜਿਨ੍ਹਾਂ ਦੇ ਓਚ ਵਾਂਙ ਯਾ ਮੁਨਕਰ ਨਕੀਰਾਂ।
ਅਸਾਂ ਵੀ ਫਕਰ ਕਦੀਮ ਦੇ ਵਾਂਙ ਸ਼ਾਹ ਮਹੀਰਾਂ।
ਸਾਡਾ ਮੁਲਕ ਪੰਜਾਬ ਵਲਾਇਤ, ਤੇ ਹਿੰਦ ਜਗੀਰਾਂ।

(ਜੁਧ ਦੀ ਤਿਆਰੀ)

ਰਾਏ ਭੂਪਤ ਖਲਾ ਵੰਗਾਰੇ ਸਾਰੇ ਪੰਥ ਨੂੰ।
ਦੁਨੀਆਂ ਜੇ ਚਾਰ ਦਿਹਾੜੇ ਕਿਚਰ ਕੁ ਜੀਵਣਾ।
ਜੋ ਲਿਖਿਆ ਕਰਤਾਰੇ ਸੋਈਓ ਵਰਤਸੀ।
ਤੁਸੀਂ ਹੋ ਬਲਵੰਤ ਕਰਾਰੇ ਸਾਰੇ ਲੜ ਮਰੋ।
ਕਰਨ ਫਕੀਰ ਤਿਆਰੇ ਆਉਣ ਜੰਗ ਤੇ।
ਜਿਉਂ ਸ਼ੇਰ ਮਾਰਨ ਭਬਕਾਰੇ ਪਹੁੰਚਨ ਮਾਰ ਤੇ।
ਜਿਉਂ ਬੰਨ੍ਹਣ ਬਾਜ ਤਰਾਰੇ ਵੇਖ ਸ਼ਿਕਾਰ ਨੂੰ।

ਇਕ ਹੁਕਮ ਜਾਰੀ ਕੀਤਾ ਕਿ ਜਿਥੇ ਕਿਤੇ ਸਿਖ ਲਭੇ ਫੜ ਫੜ ਕੇ ਲਾਹੌਰ ਭੇਜੀ ਜਾਵੇ। ਇਕ ਵਾਰੀ ਫੇਰ ਗਸ਼ਤੀ ਫੌਜਾਂ ਚੜ੍ਹ ਦੌੜੀਆਂ। ਖਾਲਸੇ ਦੀ ਡੱਲੇ ਵਾਲ ਵਾਲੀ ਗੜ੍ਹੀ ਢਾਹ ਕੇ ਢੇਰੀ ਕਰ ਸਿੱਟੀ। ਸੈਂਕੜੇ ਸਿਖ ਰੋਜ਼ ਫੜ ਫੜ ਕੇ ਲਾਹੌਰ ਚੌਕ ਨਖਾਸ ਵਿਚ ਕਤਲ ਕੀਤੇ ਜਾਣ ਲਗੇ। ਇਸ ਸਮੇਂ ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਦਾ ਪਹਿਲੀ ਵਾਰ ਇਤਿਹਾਸ ਵਿਚ ਨਾਂ ਆਉਂਦਾ ਹੈ। ਜੋ ਮਸ਼ਹੂਰ ਇਤਿਹਾਸ ਕਾਰ ਐਚ ਆਰ ਗੁਪਤਾ ਦੇ ਲਫਜ਼ਾਂ ਵਿਚ ਐਦਾਂ ਹੈ, "ਜਦੋਂ ਸਿਖਾਂ ਦੇ ਜਥੇਦਾਰਾਂ ਨੇ ਜ਼ਿਕਰੀਆ ਖਾਨ ਦਾ ਇਹ ਪਕਾ ਇਰਾਦਾ ਵੇਖਿਆ ਤਾਂ ਉਨ੍ਹਾਂ ਨੇ ਦੁਆਬਾ ਬਾਰੀ ਛੱਡ ਕੇ ਦੁਆਬਾ ਜਲੰਧਰ ਵਿਚ ਡੇਰੇ ਆ ਲਾਏ। ਨਵਾਬ ਨੇ ਇਕ ਤਜਰਬੇਕਾਰ ਅਫਸਰ, ਅਦੀਨਾ ਬੇਗ ਖਾਨ, ਨੂੰ ਇਕ ਭਾਰੀ ਫੌਜ ਦੇਕੇ ਇਨ੍ਹਾਂ ਦਾ ਪਿਛਾ ਕਰਨ ਲਈ ਜਲੰਧਰ ਨੂੰ ਭੇਜ ਦਿਤਾ।

---

ਉਹ ਦੇਵਣ ਖੋਲ੍ਹ ਭੰਡਾਰੇ ਤੇਗਾਂ ਵਾਹਕੇ।
ਹੋ ਨਠਣ ਲਸ਼ਕਰ ਸਾਰੇ ਵਾਂਙਰ ਲੂੰਬੜਾਂ।
ਤੇ ਨਾਵੇਂ ਦਫ਼ਤਰ ਚਾੜ੍ਹੇ ਮੁਹੰਮਦ ਸ਼ਾਹ ਦੇ।

(ਸਨਿਆਸੀਆਂ ਦਾ ਜੁਧ)

ਪਹਿਲਾਂ ਜੰਗ ਸੰਨਿਆਸੀ ਕਰਦੇ ਓਕੜਾ।
ਖਾਕ ਜਿਨ੍ਹਾਂ ਦੀ ਬਾਸੀ ਜਾਤੀ ਦੇ ਸੂਰਮੇਂ।
ਉਹ ਅੱਠੇ ਪਹਿਰ ਉਦਾਸੀ ਭੇਖ ਫਕੀਰ ਦਾ।
ਉਹਨਾਂ ਦੀ ਨ ਕੋਈ ਫੁਫੀ ਮਾਸੀ ਕਿਸੇ ਨ ਰੋਵਣਾ।
ਉਹਨਾਂ ਦੇ ਦੀਵੇ ਬਲਨ ਅਕਸ਼ੀਂ ਵਾਓ ਝਟਕਿਆਂ।
ਉਹਨਾਂ ਦੀਆਂ ਆਉਣ ਬਲਦੀਆਂ ਅੱਖੀਂ ਲਹੂ ਛਟੀਆਂ।
ਇਕ ਰਬ ਤਿਨ੍ਹਾਂ ਦਾ ਸਾਥੀ ਆਏ ਸਾਹਮਣੇ।

ਅਦੀਨਾ ਬੇਗ ਅਮਨ ਬਹਾਲ ਕਰਨ ਵਿਚ ਸਫਲ ਤਾਂ ਹੋਗਿਆ ਪਰ ਉਸ ਨੇ ਸਿਖਾਂ ਨੂੰ ਤਬਾਹ ਕਰਨ ਲਈ ਕੋਈ ਸਖਤ ਕਦਮ ਨਾ ਚੁਕਿਆ। ਸਗਰ ਸ਼ੈਦ ਜਾਣ ਬੁਝ ਕੇ ਨਜ਼ਰ ਅੰਦਾਜ਼ ਕਰਦਾ ਰਿਹਾ। ਖਾਨ ਬਹਾਦਰ ਜਿਹੜਾ ਕਿ ਉਨਾਂ ਚਿਰ ਸੁਖ ਦਾ ਸਾਹ ਨਹੀਂ ਸੀ ਲੈ ਸਕਦਾ, ਜਦ ਤਕ ਕਿ ਸਿਖ ਸੂਬੇ ਵਿਚੋਂ ਨਾ ਕੱਢੇ ਗਏ ਹੋਣ। ਉਨ੍ਹ ਇਕ ਅਦੀਨਾ ਬੇਗ ਖਾਨ ਦੇ ਨਾਂ ਸਖਤ ਹੁਕਮ ਜਾਰੀ ਕੀਤਾ, ਕਿ ਸਿਖ ਇਲਾਕੇ ਚੋਂ ਕਢ ਦਿਓ। ਭਾਵੇਂ ਬਦ੍ਹੇ ਰੁਦ੍ਹੇ ਦਿਲ ਨਾਲ, ਪਰ ਫੌਜਦਾਰ ਜਲੰਧਰ ਬਹੁਤਾ ਚਿਰ ਇਸ ਕੰਮ ਨੂੰ ਅਟਕਾ ਸਕਿਆ ਤੇ ਆਖਰ ਉਸ ਨੇ ਸਿਖਾਂ ਨੂੰ ਆਖ ਭੇਜਿਆ ਕਿ ਉਹ ਓਹਦਾ ਇਲਾਕਾ ਛਡ ਕੇ ਚਲੇ ਜਾਣ। ਸਿੱਖਾਂ ਨੇ ਜਦੋਂ ਇਹ ਹਕਮ ਸੁਣਿਆ ਤਾਂ ਉਹਨਾਂ ਨੇ ਜੱਸਾ ਸਿੰਘ ਠੋਕਾ (ਜਿਹੜਾ ਅਗੇ ਚਲਕੇ ਰਾਮਗੜ੍ਹੀਆ ਪ੍ਰਸਿਧ ਹੁੰਦਾ ਹੈ)

---

ਉਹਨਾਂ ਕੋਲ ਛੁਰੀ ਕੁਹਾੜੀ ਕਾਤੀ ਇਹ ਹਥਿਆਰ ਸਨ।
ਉਹ ਭੱਜਣ ਢਾਂਡ ਇਰਾਕੀ ਤੇਗਾਂ ਵਾਹੁੰਦੇ।
ਉਹ ਖਾਂਦੇ ਮਾਸਗੁਟਾਕੀ ਵਗਣ ਨਾਵਕਾਂ।
ਉਹਨਾਂ ਪੰਜ ਹਜ਼ਾਰ ਚੁਰਾਸੀ ਗੁਰਜ਼ੀ ਮਾਰਿਆ।
ਪਰ ਕਰਕੇ ਗਏ ਖਲਾਸੀ, ਚੜ੍ਹੇ ਪਹਾੜ ਨੂੰ।

ਇਹ ਵਾਰ ਪੜ੍ਹਕੇ ਇਸ ਗਲ ਦਾ ਸ਼ਕ ਪੈਂਦਾ ਹੈ। ਜੁ ਸੰਭਵ ਹੈ, ਇਹ ਲੜਾਈ ਸਿੰਘਾਂ ਅਤੇ ਨਾਦਰ ਦੀ ਹੋਈ ਹੋਵੇ, ਕਿਉਂ ਕਿ ਇਨ੍ਹੀ ਦਿਨੀ ਪੰਜਾਬ ਵਿਚ ਕੇਵਲ ਸਿਖ ਤਹਿਰੀਕ ਹੀ ਸੀ। ਨਜਾਬਤ ਨੂੰ ਖਬਰੇ ਕਿਸੇ ਦਸਿਆ ਹੋਵੇ, ਕਿ ਫਕੀਰ ਲੜੇ ਸਨ। ਉਸਨੇ ਆਪਣੀ ਵਲੋਂ ਸਨਿਆਸੀ ਲਿਖ ਮਾਰੇ। ਸਿੰਘਾਂ ਨੂੰ ਵੀ ਉਨ੍ਹੀ ਦਿਨੀ ਲੋਕ ਗੁਰ ਨਾਨਕ ਦੇ ਫਕੀਰ ਹੀ ਆਖਦੇ ਹੁੰਦੇ ਸਨ।

ਆਪਣੇ ਵਲੋਂ ਵਕੀਲ ਥਾਪ ਕੇ ਅਦੀਨਾ ਬੇਗ ਖਾਨ ਪਾਸ ਭੇਜ ਦਿਤਾ, ਇਹ ਗਲ ਸਨ ੧੭੪੦ ਦੀ ਹੈ।

ਪ੍ਰਸਿਧ ਸਿਖ ਇਤਿਹਾਸਕਾਰ ਬਾਬਾ ਪ੍ਰੇਮ ਸਿੰਘ ਆਪਣੀ ਪੁਸਤਕ ਖਾਲਸਾ ਰਾਜ ਦੇ ਉਸਰਈਏ, ਵਿਚ ਲਿਖ ਦਾ ਹੈ, "ਇਸ ਅਤਿ ਜ਼ੁਮੇਵਾਰੀ ਦੇ ਕੰਮ ਨੂੰ ਸਰਦਾਰ ਜੱਸਾ ਸਿੰਘ ਨੇ ਐਸੀ ਸੁਚੱਜਤਾ ਨਾਲ ਸਿਰੇ ਚਾੜ੍ਹਿਆ ਕਿ ਅਦੀਨਾ ਬੇਗ ਖਾਨ, ਆਪ ਦੀ ਸਿਆਣਪ ਤੇ ਨੀਤੀ ਭਰੀ ਬੋਲਚਾਲ ਦੇ ਢੰਗ ਨੂੰ ਸੁਣਕੇ ਹੈਰਾਨ ਰਹਿ ਗਿਆ। ਨਵਾਬ ਪਰ ਆਪ ਦੀ ਸੁਘੜਤਾ ਦਾ ਐਨਾ ਪ੍ਰਭਾਵ ਪਿਆ ਕਿ ਉਸ ਨੇ ਸਰਦਾਰ ਜੱਸਾ ਸਿੰਘ ਨੂੰ ਆਖਿਆ ਕਿ ਜੇ ਆਪ ਸਣੇ ਆਪਣੇ ਸਵਾਰਾਂ ਦੇ ਸਾਡੇ ਨਾਲ ਮਿਲਕੇ ਰਹਿਣਾ ਚਾਹੋ ਤਾਂ ਆਪ ਨੂੰ ਆਪ ਦੀ ਇਛਾ ਅਨੁਸਾਰ ਜਗੀਰ ਦਿਤੀ ਜਾਏਗੀ। ਸਰਦਾਰ ਜੱਸਾ ਸਿੰਘ ਨੇ ਇਸ ਬਾਰੇ ਪੰਥ ਤੋਂ ਪਰਵਾਨਗੀ ਪ੍ਰਾਪਤ ਕਰਨ ਲਈ ਨਵਾਬ ਤੋਂ ਮੋਹਲਤ ਮੰਗੀ ਅਤੇ ਆਕੇ ਪੰਥ ਦੇ ਮੁਖੀਆਂ ਦੇ ਸਾਹਮਣੇ ਇਹ ਮਾਮਲਾ ਪੇਸ਼ ਕੀਤਾ। ਪੰਥਕ ਆਗੂਆਂ ਨੇ ਜਦ ਇਸ ਗਲ ਨੂੰ ਦੂਰ ਦ੍ਰਿਸ਼ਟੀ ਨਾਲ ਵਚਾਰਿਆ, ਤਾਂ ਇਸ ਵਿਚ ਪੰਥ ਲਈ ਸਭ ਤਰਾਂ ਲਾਭ ਹੀ ਲਾਭ ਦਿਸਿਆ"।

ਰਾਜ ਖਾਲਸਾ ਦੇ ਸਫਾ ਮਿਲਾਂ ਤੇ ਗਿਆਨੀ ਗਿਆਨ ਸਿੰਘ ਲਿਖ ਦਾ ਹੈ, "ਸਰਦਾਰ ਜੱਸਾ ਸਿੰਘ ਦੀ ਹੁਸ਼ਿਆਰੀ ਦਨਾਈ, ਤੇ ਸਜੀਲੀ ਫਬੀਲੀ ਸ਼ਕਲ ਵੇਖਕੇ ਅਦੀਨਾ ਬੇਗ ਇਨਾਂ ਪ੍ਰਸੰਨ ਹੋਇਆ ਕਿ ਇਨ੍ਹੂੰ ਵਡੇ ਇਲਾਕੇ ਦਾ ਸਰਦਾਰ ਬਣਾ ਦਿਤਾ"।

ਇਸ ਤਰਾਂ ਆਪ ਖਾਲਸੇ ਵਲੋਂ ਨਵਾਬ ਅਦੀਨਾ ਬੇਗ ਪਾਸ ਰਹੇ। ਇਸ ਵਲੇ ਆਪ ਦੀ ਉਮਰ ੧੯ ਸਾਲ ਦੇ ਲਗ ਭਗ ਸੀ।

--o--

# ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੁਆਬੇ ਵਿਚ

ਪਿਛੇ ਜ਼ਿਕਰ ਕੀਤਾ ਗਿਆ ਹੈ, ਜੁ ਨਾਦਰ ਸ਼ਾਹ ਦੇ ਆਪਣੇ ਮੁਲਕ ਨੂੰ ਮੁੜ ਜਾਣ ਤੋਂ ਉਪਰੰਤ ਹਕੂਮਤ ਵਲੋਂ ਸਿੰਘਾਂ ਤੇ ਇਕ ਕਹਿਰ ਦੀ ਹਨੇਰੀ ਝੁਲ ਪਈ। ਪੰਜਾਬ ਦਾ ਹਾਕਮ ਸੈਫਉਦੌਲਾ ਖਾਨ ਬਹਾਦਰ ਜ਼ਿਕਰੀਆ ਖਾਨ ਸੀ। ਇਹ ਅਬਦਲ ਸਮਦ ਖਾਂ ਦਲੇਰੇ ਜੰਗ ਦਾ ਮੁੰਡਾ ਸੀ, ਜਿਸ ਨੇ ਗੁਰਦਾਸ ਨੰਗਲ (ਗੁਰਦਾਸ ਪੁਰ) ਤੋਂ ਬੰਦਾ ਬਹਾਦਰ ਨੂੰ ਫੜਕੇ ਦਿਲੀ ਘਲਿਆ ਸੀ। ਇਤਿਹਾਸ ਦਸਦਾ ਹੈ, ਦਲੇਰੇ ਜੰਗ ਇਕ ਜ਼ੋਰਾਵਰ, ਹਿਮਤੀ ਅਤੇ ਚਾਲ ਬਾਜ਼ ਮਨੁਖ ਸੀ, ਪਰ ਜ਼ਿਕਰੀਆ ਖਾਨ ਨਿਰਾ ਛੋਟੇ ਦਿਲ ਦਾ, ਕਮੀਨਾ ਤੇ ਜ਼ਾਲਮ ਆਦਮੀ ਸੀ। ਇਹ ਜਦ ਤਕ ਜੀਉਂਦਾ ਰਿਹਾ, ਇਸ ਨੇ ਜ਼ੁਲਮ ਤੋਂ ਹਥ ਪਿਛਾਂ ਨਾ ਕੀਤਾ। ੧੭੨੬ ਵਿਚ ਇਹ ਲਾਹੌਰ ਦਾ ਹਾਕਮ ਬਣਿਆ ਤੇ ੧੭੪੫ ਤਕ ਰਿਹਾ, ਇਸ ਸਾਰੇ ਸਮੇਂ ਵਿਚ ਇਸ ਜ਼ਾਲਮ ਦੇ ਹਥੋਂ ਸੈਂਕੜੇ ਤੇ ਹਜ਼ਾਰਾਂ ਸਿੰਘਾਂ ਨੇ ਸ਼ਹੀਦੀਆਂ ਪਾਈਆਂ। ਏਸੇ ਦੇ ਵੇਲੇ ਭਾਈ ਮਨੀ ਸਿੰਘ ਜੀ ਸ਼ਹੀਦ ਹੋਏ। ਏਸੇ ਨੇ ਭਾਈ ਮਹਿਤਾਬ ਸਿੰਘ ਨੂੰ ਚਰਖੜੀ ਤੇ ਚਾੜਿਆ। ਏਸੇ ਨਰਦਈ ਹਾਕਮ ਨੇ ਭਾਈ ਤਾਰੂ ਸਿੰਘ ਨੂੰ ਤਰਾ ਤਰਾ ਦੇ ਕਸ਼ਟ ਦੇਕੇ ਸ਼ਹੀਦ ਕੀਤਾ। ਨਾਦਰ ਗਰਦੀ ਦੇ ਸਮੇਂ ਇਸ ਦਾ ਧਿਆਨ ਸਿੰਘਾਂ ਵਲੋਂ ਜ਼ਰਾ ਹਟਿਆ ਸੀ ਪਰ ਨਾਦਰ ਦੀ ਪਸ਼ੀਨ ਗਈ ਸੁਣਕੇ ਇਹ ਸੜ ਗਿਆ ਤੇ ਇਸ ਨੇ ਮੁੜ ਖਾਲਸੇ ਤੇ ਇਕ ਵਾਰੀ ਸਖਤੀ ਅਰੰਭ ਕੀਤੀ। ਇਹ ਸਖਤੀ ੧੭੪੦ ਤੋਂ ਅਰੰਭ ਹੁੰਦੀ ਹੈ ਜੋ ਇਸ ਦੀ ਮੌਤ ਤਕ ਰਹੀ। ਇਸ ਸਮੇਂ ਸਾਰਾ ਵਿਚਲਾ ਦੇਸ਼ ਸਿੰਘਾਂ ਤੋਂ ਖਾਲੀ ਹੋ ਗਿਆ ਸੀ। ਸਿੰਘਾਂ ਦੇ ਫੜਨ ਫੜੌਨ

ਅਤੇ ਸਿਰਾਂ ਦਾ ਮੁਲ ਰਖਿਆ ਗਿਆ ਸੀ। ਮਾਝੇ ਤੇ ਰਿਆੜਕੀ ਦੇ ਮੁਖਬਰਾਂ ਨੇ ਇਸ ਤਜਾਰਤ ਵਿਚ ਵਧ ੨ ਕੇ ਹਥ ਮਾਰੇ ਸਨ ਰਾਮੇ ਰੰਧਾਵੇ, ਕਰਮੇ ਛੀਨੇ ਜੰਡਿਆਲੀਏ ਗੁਰੂ ਅਤੇ ਮੰਢਿਆਲੇ ਦੇ ਰੰਗੜਾਂ ਦਾ ਇਸ ਜ਼ੁਲਮ ਵਿਚ ਖਾਸ ਹਿਸਾ ਹੈ। ਪ੍ਰਾਚੀਨ ਪੰਥ ਪ੍ਰਕਾਸ਼ ਦਾ ਕਰਤਾ ਇਸ ਸਮੇਂ ਸਿੰਘਾਂ ਦੀ ਹਾਲਤ ਦੀ ਇਕ ਬੜੀ ਦਰਦ ਨਾਕ ਤਸਵੀਰ ਖਿਚਦਾ ਹੈ, ਜੋ ਇਸ ਤਰਾ ਹੈ। 'ਨੁਾਬ ਸੁ ਖਾਨ ਬਹਾਦਰ ਸਿੰਘਨ ਪਰ ਕੀਆ ਜੋਰ। ਇਮ ਮੁਲਖਯਨ ਬੁਲਾਇ ਕੇ ਲਿਖਿਓ ਵਿਚ ਲਹੌਰ, ਜਿਹੜਾ ਸਿੰਘਾਂ ਨੂੰ ਲੁਕਾਵੇ ਗਾ ਉਸ ਦੀ ਜਾਨ ਲਈ ਜਾਵੇਗੀ। ਪਿੰਡ ਵਿਚ ਆਏ ਸਿੰਘ ਦੀ ਜਿਹੜਾ ਖਬਰ ਨਹੀਂ ਦੇਵੇਗਾ ਉਹ ਵੀ ਮਾਰ ਦਿਤਾ ਜਾਵੇਗਾ। ਜੋ ਸਿੰਘਾਂ ਨਾਲ ਸਬੰਧ ਜੋੜੇਗਾ ਉਹ ਮੁਸਲਮਾਨ ਕਰ ਲਿਆ ਜਾਵੇਗਾ। ਜਿਹੜਾ ਸਿੰਘਾਂ ਨੂੰ ਅਨਾਜ ਦੇਵੇਗਾ। ਉਹ ਵੀ ਮੁਸਲਮਾਨ ਕੀਤਾ ਜਾਵੇਗਾ, ਫੇਰ ਕੀ ਹੋਇਆ, ਲੋਕਾਂ ਨੇ ਮੁਖਬਰੀਆਂ ਸ਼ੁਰੂ ਕਰ ਦਿਤੀਆਂ। ਕਈ ਆਪ ਫੜਕੇ ਲੈ ਜਾਣ। ਕਈ ਆਪ ਮਾਰ ਦੇਣ। ਸਿੰਘਾ ਦਾ ਇਹ ਹਾਲ ਹੋਇਆ। ਤੁਰਕ ਸਿੰਘਾਂ ਨੂੰ ਮਾਰਕੇ ਇਨਾਮ ਲੈ ਦਸਣ, ਸਿੰਘਾਂ ਦਾ ਸਾਰਾ ਮੁਲਖ ਵੈਰੀ ਹੋਗਿਆ। ਪਰ ਸਿੰਘ ਵੀ ਅਗੋਂ ਕਰੜੀ ਮਿੱਟੀ ਦੇ ਸਨ। ਲੁਕੇ ਛਿਪੇ ਵੀ ਲੜਦੇ ਸਨ। ਜਿਥੇ ਸਿੰਘ ਦਾ ਪਤਾ ਲਗੇ ਤੁਰਕ ਚੜ੍ਹ ਆਉਂਦੇ ਸਨ, ਜਿਸ ਪਿੰਡ ਵਿਚੋਂ ਸਿੰਘ ਲਭੇ ਉਸ ਨੂੰ ਥੇਹ ਕਰ ਦਿੰਦੇ। ਗਰਾਮ ਛੱਡ ਕੇ ਸਿੰਘਾਂ ਨੇ ਜੰਗਲੀ ਵਾਸਾ ਕਰ ਲਿਆ। "ਤਬ ਸਿੰਘਨ ਕੋ ਭਯੋ ਤਰਾਸ। ਸਿੰਘਨ ਵਤਨੋ ਛੋਡਯੋ ਵਾਸ" ਹੁਣ ਸਿੰਘਾ ਨੇ ਵਤਨ ਛਡ ਦਿਤਾ। ਕੁਝ ਖਦਰਾਣੇ ਦੀ ਢਾਬ ਵਲ ਚਲੇ ਗਏ, ਕੁਝ ਜਮੂੰ ਤੇ ਕਾਂਗੜੇ ਦੀਆਂ ਪਹਾੜੀਆਂ ਨੂੰ, ਅਤੇ ਕੁਝ ਬੀਕਾ ਨੇਰ ਰਾਜਿਆਂ ਦੇ ਜਾ ਨੌਕਰ ਹੋਏ। ਇਸ ਸਾਰੇ ਸਮੇਂ ਵਿਚ ਸਰਦਾਰ ਜੱਸਾ ਸਿੰਘ

ਜੀ ਰਾਮਗੜ੍ਹੀਆ ਦੁਆਬੇ ਦੇ ਨਵਾਬ ਪਾਸ ਰਹੇ, ਅਤੇ ਆਪਣੀ ਸਿਆਣਪ ਨਾਲ ਸੈਂਕੜੇ ਸਿੰਘਾਂ ਨੂੰ ਮਾਖੋ ਵਾਲ ਦੇ ਇਰਦ ਗਿਰਦ ਤੇ ਦੁਆਬੇ ਦੇ ਪਿੰਡਾ ਵਿਚ ਟਿਕਾ ਛਡਿਆ। ਇਸ ਵੇਲੇ ਦਾ ਜ਼ਿਕਰ ਕਰਦਾ ਹੋਇਆ ਦੀਵਾਨ ਬਖਤ ਮਲ ਲਿਖਦਾ ਹੈ। "ਅਦੀਨਾ ਬੇਗ ਇਕ ਲਾਲਚੀ ਬੰਦਾ ਸੀ। ਉਸ ਨੇ ਸਿਖਾਂ ਨੂੰ ਨਸ਼ਟ ਨਾ ਕੀਤਾ। ਅਗਰ ਓਹ ਚਾਹੁੰਦਾ ਤਾਂ ਉਹਦੇ ਲਈ ਇਹ ਕੰਮ ਕੋਈ ਮੁਸ਼ਕਲ ਨਹੀਂ ਸੀ। ਪਰ ਉਸ ਦਾ ਖਿਆਲ ਸੀ ਜੇ ਉਸ ਨੇ ਸਿੰਘਾਂ ਨੂੰ ਤਬਾਹ ਕਰ ਦਿਤਾ, ਤਾਂ ਐਸਾ ਨਾ ਹੋਵੇ ਜੁ ਸਰਕਾਰ ਦੁਆਬੇ ਦੀ ਹਕੂਮਤ ਕਿਸੇ ਹੋਰ ਨੂੰ ਬਹੁਤਾ ਮਾਮਲਾ ਲੈਣਾ ਕਰਕੇ ਦੇ ਦੇਵੇ, ਅਤੇ ਉਸ ਨੂੰ ਕਢ ਦਿਤਾ ਜਾਵੇ, ਇਸ ਕਰਕੇ ਉਸ ਨੇ ਸਿਖਾਂ ਨਾਲ ਚੰਗਾ ਸਲੂਕ ਕੀਤਾ ਅਤੇ ਉਨਾਂ ਨਾਲ ਸ਼ਰਤਾਂ ਤਹਿ ਕੀਤੀਆਂ। ਏਹੋ ਹੀ ਗਲ ਸੀ ਜਿਸ ਨਾਲ ਸਿਖ ਤਕੜੇ ਹੋਏ। ਹੌਲੀ ਹੌਲੀ ਉਨ੍ਹਾਂ ਨੇ ਕਈ ਪਿੰਡ ਜਗੀਰ ਵਜੋਂ ਕਬਜ਼ੇ ਵਿਚ ਕਰ ਲਏ" † ਬਖਤ ਮਲ ਦੀ ਲਿਖਤ ਤੋਂ ਸਿਧ ਹੁੰਦਾ ਹੈ, ਜੁ ਸਰਦਾਰ ਜੱਸਾ ਸਿੰਘ ਜੀ ਦਾ ਨਵਾਬ ਅਦੀਨਾ ਬੇਗ ਪਾਸ ਰਹਿਣਾ ਪੰਥ ਲਈ ਅਤਯੰਤ ਲਾਭਦਾਇਕ ਰਿਹਾ। ਜਿਥੇ ਮਾਝੇ ਤੇ ਰਿਆੜਕੀ ਚੋਂ ਸਿੰਘ ਸਾਫ ਕੀਤੇ ਗਏ, ਓਥੇ ਦੁਆਬੇ ਵਿਚ ਇਹ ਵਸੇ, ਸਗੋਂ ਕਈਆਂ ਪਿੰਡਾਂ ਤੇ ਕਬਜ਼ਾ ਕਰ ਰਖਿਆ। ਏਹੋ ਹੀ ਗਲ ਸੀ ਜੁ ਇਸ ਭਾਰੀ ਕਤਲਾਮ ਤੋਂ ਬਾਦ ਖਾਨ ਬਹਾਦਰ ਜ਼ਿਕਰੀਆ ਖਾਨ ਦੇ ਮਰਦਿਆਂ ਹੀ ਸਿੰਘਾਂ ਦੇ ਜਥਿਆਂ ਦੇ ਜਥੇ ਫੇਰ ਲਾਹੌਰ ਦੀਆਂ ਕੰਧਾ ਤੀਕ ਫਿਰਨ ਲਗ ਪਏ।

---

† ਹਿਸਟ੍ਰੀ ਔਫ ਦੀ ਸਿਖਸ-ਹਰੀ ਰਾਮ ਗੁਪਤਾ, ਸਫਾ ੮ ਦਾ ਫੁਟ ਨੋਟ:—ਦੀਵਾਨ ਬਖਤ ਮਲ ਸਫਾ ੫੮-੫੯।

ਨਾਰੰਗ—ਰਿਸਾਲਾ ਇ ਨਾਨਕ ਸ਼ਾਹ, ਵਿਚੋਂ

# ਜ਼ਿਕਰੀਆ ਖਾਨ ਦੀ ਮੌਤ-ਯਾਹਯ ਖਾਂ ਦਾ ਸਮਾਂ

੧ ਜੁਲਾਈ ੧੭੪੫ ਨੂੰ ਨਵਾਬ ਜ਼ਿਕਰੀਅ ਖਾਨ ਦੀ ਮੌਤ ਹੋਈ, ੧੯ ਸਾਲਾਂ ਬਾਦ ਇਸ ਬੇਰਿਹਮ ਸ਼ਖ਼ਸ ਤੋਂ ਦੇਸ਼ ਦਾ ਪਿਛਾ ਛੁਟਾ। ਇਸ ਦੇ ਦੋ ਮੁੰਡੇ ਸਨ। ਯਾਹਯਾ ਖਾਂ ਤੇ ਸ਼ਾਹ ਨਵਾਜ਼। ਇਸ ਦੇ ਮਰਨ ਪਿਛੋਂ ਇਨਾਂ ਵਿਚ ਲਾਹੌਰ ਦੀ ਨਵਾਬੀ ਲਈ ਕਾਫੀ ਝਗੜਾ ਹੋਇਆ। ਛੇਕੜ ਲਾਹੌਰ ਦੀ ਨਵਾਬੀ ਦਿਲੀ ਵਲੋਂ ਯਾਹਯਾ ਖਾਂ ਨੂੰ ਮਿਲੀ ਅਤੇ ਸ਼ਾਹ ਨਵਾਜ਼ ਮੁਲਤਾਨ ਦਾ ਹਾਕਮ ਬਣਿਆ। ਪਰ ਸ਼ਾਹ ਨਵਾਜ਼ ਮੁਲਤਾਨ ਦੀ ਸੂਬੇ ਦਾਰੀ ਤੇ ਰਾਜ਼ੀ ਨਹੀਂ ਸੀ। ਸੋ ਉਹ ਇਸ ਤਾੜ ਤੇ ਰਿਹਾ ਜੁ ਜਦ ਕਦੇ ਦਾਅ ਲਗੇ ਲਾਹੌਰ ਤੇ ਹਥ ਮਾਰਾਂ ਯਾਹਯਾ ਖਾਂ ਵੀ ਆਪਣੇ ਪਿਓ ਵਾਂਗ ਬੜਾ ਨਿਰਦਈ ਪੁਰਖ ਸੀ। ਇਸ ਨੇ ਖਾਲਸੇ ਤੇ ਬੜਾ ਜ਼ੁਲਮ ਕੀਤਾ, ਪਰ ਇਸ ਵਿਚ ਕੱਲੇ ਦਾ ਹਥ ਨਹੀਂ ਸੀ ਇਸ ਵਿਚ ਬਹੁਤਾ ਹਥ ਇਸ ਦੇ ਦੀਵਾਨ ਲਖਪਤ ਰਾਏ ਦਾ ਸੀ। ਲਖਪਤ ਰਾਏ ਪਿਛੋਂ ਕਲਾਨੌਰ ਦਾ ਖਤਰੀ ਸੀ। ਐਮਨਾ ਬਾਦ ਇਸ ਦੀ ਜਗੀਰ ਸੀ। ਇਹ ਦੋ ਭਰਾ ਸਨ। ਇਕ ਜਸਪਤ ਰਾਏ-ਐਮਨਾ ਬਾਦ ਦਾ ਫੌਜਦਾਰ ਸੀ, ਅਤੇ ਇਹ ਆਪ ਨਵਾਬ ਜ਼ਿਕਰੀਏ ਖਾਨ ਤੋਂ ਲੈਕੇ ਹੁਣ ਤਕ ਲਾਹੌਰ ਦਾ ਦੀਵਨ ਚਲਿਆ ਆ ਰਿਹਾ ਸੀ ਦਸਦੇ ਹਨ ਇਹ ਬੜਾ ਉਜੱਡ ਘਮੰਡੀ ਅਤੇ ਹੋਛਾ ਬੰਦਾ ਸੀ। ਯਾਹਯਾ ਖਾਂ ਦੇ ਸਮੇਂ ਇਸ ਨੇ ਸਿੰਘਾਂ ਨੂੰ ਮੁਕਾਉਣ ਦੀ ਸੌਂਹ ਚੁੱਕੀ ਗਲ ਇਸ ਤਰ੍ਹਾਂ ਹੋਈ, ਜ਼ਿਕਰੀਆ ਖਾਨ ਦੇ ਮਰਦੀਆਂ ਹੀ ਸਿੰਘ ਫੇਰ ਮਾਝੇ ਅਤੇ ਰਿਆੜਕੀ ਵਿਚ ਆ ਨਿਕਲੇ, ਅਤੇ ਦੁਆਬਾ ਬਾਰੀ ਦੇ ਸਾਰੇ ਮੁਖ਼ਬਰਾਂ ਨੂੰ ਇਕ ਵਢਿਓਂ ਫੜਕੇ ਸੋਧ ਸੁਟਿਆ। ਹਰੀ ਰਾਮ ਗੁਪਤਾ ਆਖਦਾ ਹੈ, ਇਨਾਂ ਦਿਨਾਂ ਦੀ ਗਲ ਹੈ, ਸਿੰਘਾਂ ਦਾ ਇਕ ਛੋਟਾ ਜਿਹਾ ਜੱਥਾ ਮੁਗ਼ਲ ਸਪਹੀਆਂ ਦੇ ਭੇਸ ਵਿਚ ਮੋਚੀ ਦਰਵਾਜ਼ੇ ਰਾਹੀਂ ਲਾਹੌਰ ਵਿਚ ਜਾ ਵੜਿਆ। ਪੂਹ ਦਾ ਮਹੀਨਾ ਸੀ, ਠੰਡ ਕਹਿੰਦੀ ਸੀ, ਮੈਂ ਅਜ ਹੀ ਹਾਂ। ਲੋਕੀ ਠੁਰ ਠੁਰ ਕਰਦੇ ਪਾਲੇ ਦੇ ਮਾਰੇ ਤਰਕਾਲੀਂ ਹੀ ਅੰਦਰੀਂ ਜਾ ਵੜੇ ਸਨ, ਗਲੀਆਂ ਤੇ ਬਜ਼ਾਰ

ਸੁਨ ਸਾਨ ਹੋਏ ਹੋਏ ਸਨ। ਸਿੰਘਾਂ ਨੇ ਚਾਰੇ ਪਾਸੇ ਰੋਕ ਲਏ ਅਤੇ ਲਾਹੌਰ ਦਾ ਇਕ ਪਾਸਾ ਲੁਟ ਲਿਆ, ਜਾਂਦੀ ਵਾਰੀ ਦੁਝ ਕੁ ਮੁਫਤੀ ਕਾਜ਼ੀ ਵੀ ਤਲਵਾਰ ਦੀ ਭੇਟਾ ਕਰ ਗਏ। ਇਹ ਸਭ ਕੁਝ ਕਰਕੇ ਉਹ ਜੱਥਾ ਆਪਣੇ ਵੱਡੇ ਜੱਥੇ ਨਾਲ ਜਾ ਰਲਿਆ, ਜਿਹੜਾ ਰਾਵੀ ਦੇ ਝਲ ਵਿਚ ਡੇਰੇ ਲਾਈ ਬੈਠਾ ਸੀ, ਯਾਹਯਾ ਖਾਂ ਨੇ ਜਾਂ ਇਹ ਖਬਰ ਸੁਣੀ, ਮੋਚੀ ਦਰਵਾਜ਼ੇ ਦੇ ਬਜ਼ਾਰ ਵਿਚ ਕੀ ਬੀਤੀਆ, ਉਸ ਦੀ ਆਪਣੀ ਰਾਜਧਾਨੀ ਵਿਚ! ਉਹ ਅੱਗ ਭਬੂਕਾ ਹੋ ਗਿਆ। ਉਸਨੇ ਇਕ ਦਮ ਦੀਵਾਨ ਲਖਪਤ ਰਾਏ ਨੂੰ ਹੁਕਮ ਦਿਤਾ। ਛੇਤੀ ਤੋਂ ਛੇਤੀ ਉਸ ਜੱਥੇ ਦਾ ਪਿਛਾ ਕਰੋ। ਲਖਪਤ ਰਾਏ ਨੇ ਤਾਬੜ ਤੋੜ ਇਕ ਘੋੜ ਚੜ੍ਹਿਆਂ ਦੀ ਫੌਜ ਚਾੜ੍ਹ ਦਿਤੀ। ਸਿੰਘ ਐਮਨਾ ਬਾਦ ਵਲ ਹਟ ਆਏ।

ਇਨੀ ਦਿਨੀ ਖ਼ੁਖਰਾਨ ਪਿੰਡ ਦੇ ਇਕ ਆਦਮੀ ਨੇ ਫੌਜਦਾਰ ਜਸਪਤ ਰਾਏ ਨੂੰ ਜਾ ਖਬਰ ਦਿਤੀ, ਕਿ ਸਿੰਘਾਂ ਦਾ ਇਕ ਦੋ ਕੁ ਹਜ਼ਾਰ ਦਾ ਜੱਥਾ ਰਖ ਵਿਚ ਬੈਠਾ ਲੰਗਰ ਪਾਣੀ ਦਾ ਆਰ ਪਾਰ ਕਰ ਰਿਹਾ ਹੈ। ਜਸਪਤ ਦੀ ਜੋ ਮੌਤ ਆਉਣੀ ਸੀ, ਉਹ ਖਬਰ ਸਣ ਦਿਆਂ ਹੀ ਆਪਣੇ ਸਿਪਾਹੀ ਲੈਕੇ ਸਿੰਘਾਂ ਨੂੰ ਓਥੋਂ ਕਢਣ ਲਈ ਰਖ ਵਲ ਨੂੰ ਤੁਰ ਪਿਆ, ਸਿੰਘਾਂ ਨੇ ਬਥੇਰਾ ਕਿਹਾ ਅਸੀਂ ਦੋ ਦਿਨਾਂ ਦੇ ਭੁੱਖੇ ਹਾਂ, ਲੰਗਰ ਪਾਣੀ ਛਕ ਕੇਅਸੀਂ ਅੱਗੇ ਚਲੇ ਜਾਣਾ ਹੈ। ਦੀਵਾਨ ਸਾਹਿਬ ਖੇੜੇ ਨਾ ਪਓ। ਪਰ ਦੀਵਾਨ ਦੇ ਸਿਰ ਤੇ ਮੌਤ ਕੂਕੇ, ਉਹ ਕਿੱਥੇ ਟਲੇ ਉਹ ਆਖੇ ਮੈਂ ਹੁਣੇ ਏਥੋਂ ਕਢ ਕੇ ਸਾਹ ਲੈਣਾ ਹੈ। ਵਧ ਘਟ ਗੱਲਾਂ ਕਹਨ ਲੱਗਾ। ਇਕ ਨਬਾਹੂ ਸਿੰਘ ਨਾਮੇਂ ਸਿੰਘ ਨੂੰ ਜੋ ਗੁੱਸਾ ਚੜ੍ਹਿਆ। ਉਸ ਨੇ ਪੂਛ ਵਲੋਂ ਹਾਥੀ ਤੇ ਚੜ੍ਹਕੇ ਤੇਗ ਦੇ ਇਕੋ ਵਾਰ ਨਾਲ ਫੌਜਦਾਰ ਜਸਪਤ ਰਾਏ ਦਾ ਸਿਰ ਲਾਹ ਕੇ ਰਖ ਦਿਤਾ।

ਇਹ ਖਬਰ ਜਾਂ ਲਾਹੌਰ ਪੁਜੀ ਲਖਪਤ ਲੋਹੇ ਲਾਖਾ ਹੋ

ਗਿਆ, ਉਸ ਨੇ ਯਾਹਯਾ ਖਾਂ ਦੇ ਸਾਹਮਣੇ ਪਗ ਲਾਹਕੇ ਸੌਹੰ ਖਾਧੀ ਜੁ ਮੈਂ ਖਾਲਸੇ ਦਾ ਖੁਰਾ ਖੋਜ ਮਿਟਾਕੇ ਪਗ ਬਨ੍ਹਾਂਗਾ। ਬਸ ਫੇਰ ਕੀ ਸੀ ਸ਼ਾਹੀ ਫੋਜਾਂ ਮੁੜ ਹਰਕਤ ਵਿਚ ਆਈਆਂ ਸਿੰਘਾਂ ਦੀ ਕਤਲਾਮ ਮੁੜ ਅਰੰਭ ਹੋਈ, ਇਸ ਕਤਲਾਮ ਵਿਚ ਐਤਕਾਂ ਸਹਿਜ ਧਾਰੀ ਸਿਖ ਵੀ ਨਾ ਬਚ ਸਕੇ। ਅਖੀਰ ਇਕ ਬੜਾ ਭਾਰੀ ਜੁਧ ਹੋਇਆ। ਇਤਿਹਾਸ ਵਿਚ ਇਸ ਜੁਧ ਨੂੰ ਛੋਟਾ ਘਲੂਘਾਰਾ ਆਖਦੇ ਹਨ। ਹਜ਼ਾਰਾਂ ਸਿੰਘ ਰਣ ਤੱਤੇ ਵਿਚ ਸ਼ਹੀਦ ਹੋਏ। ਏਸੇ ਘਲੂਘਾਰੇ ਵਿਚ ਸਰਦਾਰ ਸੁੱਖਾ ਸਿੰਘ ਮਾੜੀ ਕੰਬੋ ਵਾਲੇ, ਦੀ ਅਦੁਤੀ ਬਹਾਦਰੀ ਨੇ ਬਸੌਲੀ ਦੇ ਪਹਾੜਾਂ ਚੋਂ ਸਾਰੇ ਖਾਲਸੇ ਦੇ ਦਲ ਨੂੰ ਦੁਸ਼ਮਨ ਦੇ ਘੇਰੇ ਵਿਚੋਂ ਕਢ ਕੇ ਲਿਆਂਦਾ।

ਉਪਰ ਲਿਖਿਆ ਸਾਰਾ ਸਖਤੀ ਦਾ ਤੁਫਾਨ ਮਾਝੇ ਅਤੇ ਰਿਆੜਕੀ ਵਿਚ ਆਇਆ। ਦੁਆਬਾ ਬਿਸਤ ਜਲੰਧਰ ਵਿਚ ਲਖਪਤ ਦਾ ਕੋਈ ਜ਼ੋਰ ਨਾ ਚਲਿਆ। ਕਿਉਂਕਿ ਦੁਆਬੇ ਦਾ ਹਾਕਮ ਅਦੀਨਾ ਬੇਗ ਸੀ, ਅਤੇ ਅਦੀਨਾ ਬੇਗ ਵਿਚੋਂ ਨੀਤੀ ਕਰਕੇ ਸਿੰਘਾਂ ਨਾਲ ਸੀ। ਭਾਵੇਂ ਉਹ ਲਾਹੌਰ ਦੇ ਮੁਤਿਹਤ ਸੀ। ਪਰ ਉਹ ਬੜਾ ਚਲਾਕ ਅਤੇ ਵੇਲਾ ਤਾੜੂ ਆਦਮੀ ਸੀ। ਲਾਹੌਰ ਦੇ ਹਾਕਮਾਂ ਦੀਆਂ ਅੱਖਾ ਪੂੰਝਾ ਛਡਦਾ ਸੀ ਅਤੇ ਲਿਖ ਛੜਦਾ ਸੀ ਦੁਆਬਾ ਬਿਸਤ ਜਲੰਧਰ ਵਿਚ ਸਿੰਘ ਬਿਲਕੁਲ ਨਹਾਂ ਹਨ। ਯਾਹਯਾ ਖਾਂ ਦੇ ਹੁਕਮ ਅਨੁਸਾਰ ਬਸੌਲੀ ਵਲੋਂ ਭਜੇ ਆਉਂਦੇ ਖਾਲਸੇ ਤੇ ਇਸਨੇ ਹੱਲਾ ਤਾਂ ਕੀਤਾ, ਪਰ ਉਤੋਂ ਉਤੋਂ ਕੇਵਲ ਲਖਪਤ ਦੀ ਅਖੀਂ ਘਟਾ ਪਾਉਣ ਲਈ। ਉਂਜ ਇਹ ਜਸਪਤ ਰਾਏ ਦੇ ਕਤਲ ਹੋਣ ਤੇ ਬੜਾ ਖੁਸ਼ ਸੀ। ਕਿਉਂਕਿ ਇਸ ਦੀ ਅਤੇ ਇਨ੍ਹਾਂ ਖਤਰੀ ਦੀਵਾਨਾਂ ਦੀ ਆਪੋ ਵਿਚ ਸਖਤ ਲਗਦੀ ਸੀ, ਅਤੇ ਇਹ ਦੋਵੇਂ ਧਿਰਾਂ ਅੰਦਰ ਖਾਤੇ ਇਕ ਦੂਜੇ ਦੀਆਂ

ਰਜਕੇ ਮਾਰੂ ਸਨ § । ਸੋ ਇਸ ਤਰਾਂ ਦੁਆਬਾ ਬਿਸਤ ਜਲੰਧਰ ਐਤਕਾਂ ਫੇਰ ਬਚ ਗਿਆ । ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਨੇ ਇਸ ਸਮੇਂ ਖਾਲਸੇ ਦੀ ਬੜੀ ਸੇਵਾ ਕੀਤੀ । ਪਰਬਤੀਂ ਚੜ੍ਹੇ ਸਿੰਘ ਜੋ ਦੁਆਬੇ ਵਲ ਆ ਉਤਰੇ ਉਨ੍ਹਾਂ ਨੂੰ ਅਰਾਮ ਦਿਤਾ, ਅਤੇ ਆਪਣੇ ਪਾਸ ਰਖਕੇ ਮੁੜ ਤਿਆਰ ਬਰ ਤਿਆਰ ਕਰ ਦਿਤਾ ।

---

§ Jaspat Rai was the Governor of Jullundur doab When Zakriya Khan became Governor of Lahore. He transferred Jaspat Rai to the minor Pargnah of Eminabad and appointd Adeena beg in his place. Adeena was a strong ruler and soon restored peace in his territory. He was frequently Praised at the court of Lahore to the great disappointment and chargin of Jaspat Rai and his . brother Lakhpat Rai, the Dewan of Lahore. The Khatri brothers stung by Jealousy were always anxious to degrade their successful rival in tha eyes of the Governor. Jaspat Rai, therefore, instigated the Sikhs to create troubles in the Jullundur doab in order to harass and Exasperate Adeena Beg. Adeena on the other hand, incited the peasantry of The Punjab, mostly Sikhs, to riot and rebel ...

Transformation of Sikhism, P. 202

# ਸ਼ਾਹ ਨਵਾਜ਼ ਲਾਹੌਰ ਦਾ ਹਾਕਮ ਬਣਿਆ ਸਿੰਘਾਂ ਰਾਮ ਰੌਣੀ ਬਣਾਈ

ਏਧਰ ਯਾਹਯਾ ਖਾਂ ਤੇ ਲਖਪਤ ਫੌਜ ਅਤੇ ਖਜ਼ਾਨੇ ਦਾ ਸਾਰਾ ਜ਼ੋਰ ਸਿੰਘਾਂ ਮਗਰ ਲਾਉਂਦੇ ਰਹੇ, ਓਧਰ ਸ਼ਾਹ ਨਵਾਜ਼ ਇਕ ਦਿਨ ਚੁਪ ਕੀਤਾ ਲਾਹੌਰ ਲਾਗੇ ਸ਼ਾਲਾਮਾਰ ਆ ਬੈਠਾ। ਦੀਵਾਨ ਕੌੜਾ ਮਲ ਹਸ਼ਮਤ ਉਲਾ ਅਤੇ ਅਦੀਨਾ ਬੇਗ ਵੀ ਉਸ ਦੇ ਨਾਲ ਆ ਮਿਲੇ। ਦੀਵਾਨ ਸੂਰਤ ਸਿੰਘ ਦੀ ਰਾਹੀਂ ਪਹਿਲਾਂ ਤਾਂ ਦੋਹਾਂ ਭਰਾਵਾਂ ਵਿਚ ਕੁਝ ਨਬੇੜੇ ਦੀ ਗਲ ਬਾਤ ਚਲਦੀ ਰਹੀ, ਪਰ ਅੰਤ ਕੋਈ ਫੈਸਲਾ ਨਾ ਹੋ ਸਕਿਆ। ਅਖੀਰ ਲੜਾਈ ਦੀ ਨੌਬਤ ਆ ਗਈ। ਇਕ ਦਿਨ ਦੋਵੇਂ ਭਰਾ ਆਮੋ ਸਾਹਮਣੇ ਹੋ ਪਏ। ਇਕ ਚੰਗੀ ਝੜਪ ਬਾਦ ਯਾਹਯਾ ਖਾਂ ਨੇ ੬00000 ਲਖ ਰੁਪਿਆ ਸ਼ਾਹਨਵਾਜ਼ ਨੂੰ ਦੇਕੇ ਪਿਛਾ ਛੁਡਾਇਆ। ਸ਼ਾਹਨਵਾਜ਼ ਇਹ ਰੁਪਿਆ ਲੈਕੇ ਵਟਾਲੇ ਵਲ ਨੂੰ ਚਲਾ ਗਿਆ। ਅਤੇ ਓਧਰ ਜਾਕੇ ਕਈਆਂ ਪਿੰਡਾਂ ਤੇ ਕਬਜ਼ਾ ਕਰ ਲਿਆ।

ਯਾਹਯਾ ਖਾਂ ਨੂੰ ਜਾਂ ਇਹ ਪਤਾ ਲੱਗਾ ਤਾਂ ਉਹ ਬੜਾ ਸੜਿਆ। ਹੁਣ ਉਸਨੇ ਮੁੜ ਲੜਾਈ ਈ ਤਿਆਰੀ ਕੀਤੀ। ਸ਼ਾਹਨਵਾਜ਼ ਵੀ ਇਹ ਸੁਣ ਕੇ ਲਾਹੌਰ ਨੂੰ ਮੁੜ ਆਇਆ ਅਤੇ ਹਜ਼ਰਤ ਇਸਹਾਨ ਦੇ ਮਕਬਰੇ ਕੋਲ ਆ ਉਤਰਿਆ। ੧੭ ਮਾਰਚ ਸੰਨ ੧੭੪੭ ਨੂੰ ਲੜਾਈ ਸ਼ੁਰੂ ਹੋਈ। ਅਦੀਨਾ ਬੇਗ ਇਕ ਕਰੜਾ ਹੱਲਾ ਕਰਕੇ ਮੋਮਨ ਖਾਂ ਦੇ ਮੋਰਚਿਆਂ ਤੇ ਜਾ ਪਿਆ। ਜੋ ਬੜਾ ਕਾਮਯਾਬ ਰਿਹਾ। ਦੂਜੇ ਦਿਨ ਸ਼ਾਹਨਵਾਜ਼ ਖੁਦ ਅੱਗੇ ਵਧਿਆ। ਮੀਰ ਮੋਮਨ ਹਾਰ ਖਾਕੇ ਫੜਿਆ ਗਿਆ। ਸ਼ਾਹਨਵਾਜ਼ ਹੱਲਾ ਕਰਕੇ

ਸ਼ਹਿਰ ਵਿਚ ਜਾ ਵੜਿਆ। ੨੧ ਮਾਰਚ ਨੂੰ ਯਾਹਯਾ ਖਾਂ ਕੈਦ ਕਰ ਲਿਆ ਗਿਆ। ਲਾਹੌਰ ਲੈਕੇ ਸ਼ਾਹਨਵਾਜ ਖਾਨ ਨੇ ਕੌੜਾ ਮਲ ਨੂੰ ਦੀਵਾਨ ਬਣਾਇਆ, ਅਤੇ ਅਦੀਨਾ ਬੇਗ ਖਾਨ ਨੂੰ ਦੁਆਬੇ ਦੀ ਦੀਵਾਨੀ ਅਤੇ ਫੌਜਦਾਰੀ ਸਪੁਰਦ ਕੀਤੀ। ਪਿਛਲੀ ਸਾਰੀ ਗੜ ਬੜ ਪੰਜ ਮਹੀਨੇ ਦੇ ਲਗ ਭਗ ਰਹੀ ਇਸ ਅਰਸੇ ਵਿਚ ਸਿੰਘ ਫੇਰ ਤਗੜੇ ਹੋ ਗਏ। ਹਰੀ ਰਾਮ ਗੁਪਤਾ ਕਹਿੰਦਾ ਹੈ। ਕੌੜਾ ਮਲ ਨਾਨਕ ਨੂੰ ਮਨਣ ਵਾਲਾ ਖਲਾਸਾ ਸਿਖ ਸੀ, ਤੇ ਅਦੀਨਾ ਬੇਗ ਆਪਣੀ ਪਾਲਸੀ ਮੁਤਾਬਕ ਸਿਖਾਂ ਦਾ ਪਖੀ ਸੀ, ਸੋ ਇਨ੍ਹਾਂ ਦੋਹਾਂ ਨੇ ਸ਼ਾਹਨਵਾਜ਼ ਨੂੰ ਸਿੰਘਾਂ ਵਲੋਂ ਬਾਜ਼ ਰਖਿਆ।

ਚਿਰਾਂ ਬਾਦ ਹੁਣ ਜ਼ਰਾ ਸਿੰਘ ਸੌਖੇ ਹੋਏ। ੩੦ ਮਾਰਚ ਨੂੰ ਵਸਾਖੀ ਆ ਰਹੀ ਸੀ। ਸਭ ਜੱਥੇ ਅਮ੍ਰਤਸਰ ਇਕਠੇ ਹੋਏ। ਦਰਬਾਰ ਸਾਹਿਬ ਮੁੜਕੇ ਰੌਣਕਾਂ ਲਗੀਆਂ, ਤੇ ਬੜੀ ਸਜ ਧਜ ਨਾਲ ਵਸਾਖੀ ਦੇ ਇਸ਼ਨਾਨ ਕੀਤੇ ਗਏ। ਹੁਣ ਸਾਰੇ ਜੱਥਿਆਂ ਨੇ ਸੋਚਿਆ ਸੀ ਅਮ੍ਰਤਸਰ ਵਿਚ ਸਿੰਘਾਂ ਦਾ ਇਕ ਕਿਲਾ ਹੋਣਾ ਚਾਹੀਦਾ ਹੈ। ਜੋ ਆਏ ਗਏ ਦੁਸ਼ਮਨ ਦੀ ਰੋਕ ਕਰ ਸਕੇ। ਬੜੀ ਸੋਚ ਵਿਚਾਰ ਮਗਰੋਂ ਸਾਰੇ ਖਾਲਸੇ ਨੇ ਗੁਰਮਤਾ ਕਰਕੇ ਇਕ ਛੋਟੀ ਜਿਹੀ ਕਿਲੀ ਨੂੰ ਸ਼ੁਰੂ ਕਰ ਦਿਤਾ। ਅਤੇ ਜਦੋਂ ਇਹ ਤਿਆਰ ਹੋ ਗਈ ਤਾਂ ਇਸ ਦਾ ਨਾਮ ਰਾਮ ਰੌਣੀ ਰਖਿਆ ਗਿਆ। ਇਹੋ ਰਾਮ ਰੌਣੀ ਅੱਗੇ ਚਲਕੇ ਪ੍ਰਸਿਧ ਕਿਲਾ ਰਾਮ ਗੜ੍ਹ ਬਣਦੀ ਹੈ।

# ਐਹਮਦ ਸ਼ਾਹ ਦੁਰਾਨੀ ਦਾ ਪਹਿਲਾ ਹਮਲਾ

ਸ਼ਾਹ ਨਵਾਜ਼ ਖਾਂ ਨੇ ਲਾਹੌਰ ਤਾਂ ਲੈ ਲਿਆ, ਪਰ ਦਿਲੀ ਵਲੋਂ ਉਸ ਨੂੰ ਮਨਜ਼ੂਰ ਨਾ ਕੀਤਾ ਗਿਆ। ਉਸ ਨੇ ਮਨਜ਼ੂਰੀ ਵਾਸਤੇ ਬੜੇ ਹਥ ਪੈਰ ਮਾਰੇ ਪਰ ਕੋਈ ਗਲ ਨਾ ਬਣੀ। ਹੁਣ ਉਸ ਨੂੰ ਦਿਲੀ ਦੇ ਬਾਦਸ਼ਾਹ ਦੀ ਕਰੋਪੀ ਦਾ ਡਰ ਲਗਾ, ਕਿਤੇ ਫੌਜਾਂ ਨਾ ਚਾੜ੍ਹ ਦਿਵੇ। ਯਾਹਯਾ ਖਾਂ ਵੀ ਐਹਮਦ ਯਾਰ ਖਾਂ ਕਸੂਰੀ ਦੀ ਸਹਾਇਤਾ ਨਾਲ ਕੈਦੋਂ ਨਸਕੇ ਦਿਲੀ ਜਾ ਪੁਜਾ। ਇਸ ਗਲ ਨੇ ਵੀ ਉਸ ਨੂੰ ਬੜੇ ਫਿਕਰਾਂ ਵਿਚ ਪਾ ਦਿਤਾ। ਉਹ ਬੜਾ ਚਿੰਤਾਤੁਰ ਹੋਇਆ. ਤੇ ਛੇਕੜ ਉਸ ਇਸ ਭੈ ਦੇ ਮਾਰੇ ਨੇ ਕਾਬਲ ਦੇ ਬਾਦਸ਼ਾਹ ਐਹਮਦ ਸ਼ਾਹ ਅਬਦਾਲੀ ਨੂੰ ਹਿੰਦਤੇ ਧਾਵਾ ਬੋਲਣ ਲਈ ਪਰੇਰਿਆ।

ਅੰਨਾਂ ਕੀ ਲਭੇ ਦੋ ਅਖੀਆਂ। ਐਹਮਦ ਸ਼ਾਹ ਤਾਂ ਅਗੇ ਹੀ ਚਾਹੁੰਦਾ ਸੀ ਜੁ ਕੋਈ ਮੌਕਾ ਮਿਲੇ। ਉਹ ਨਾਦਰ ਦੇ ਹੱਲੇ ਵੇਲੇ ਆਪ ਨਾਲ ਸੀ। ਉਸ ਨੇ ਭਾਰਤ ਦੀ ਦੌਲਤ ਆਪਣੀ ਅਖੀਂ ਵੇਖੀ ਸੀ। ਉਹ ਦਸੰਬਰ ਸਨ ੧੭੪੭ ਨੂੰ ਇਕ ਤਕੜੀ ਸੈਨਾ ਲੈਕੇ ਹਿੰਦ ਤੇ ਚੜ੍ਹ ਆਇਆ। ਜਨਵਰੀ ਸਨ ੧੭੪੮ ਨੂੰ ਉਹ ਲਾਹੌਰ ਤੋਂ ੪ ਮੀਲ ਸ਼ਾਹਦਰੇ ਕੋਲ ਆ ਬੈਠਾ।

ਜਾਂ ਇਸ ਗਲ ਦਾ ਦਿੱਲੀ ਵਾਲਿਆਂ ਨੂੰ ਪਤਾ ਲਗਾ, ਤਾਂ ਉਹ ਬੜੇ ਦੁਖੀ ਹੋਏ, ਛੇਕੜੇ ਉਨ੍ਹਾਂ ਤਾਬੜ ਤੋੜ ਹਰਕਾਰੇ ਭਜਾਕੇ ਸ਼ਾਹ ਨਵਾਜ਼ ਨੂੰ ਆਖ ਘਲਿਆ, ਦਿੱਲੀ ਵਲੋਂ ਲਾਹੌਰ ਦਾ ਨਵਾਬ ਤੂੰ ਹੀ ਰਿਹਾ, ਪਰ ਦੁਰਾਨੀ ਦਾ ਮੁਕਾਬਲਾ ਕਰ। ਹੁਣ ਸ਼ਾਹ ਨਵਾਜ਼ ਦੁਵੱਲੀ ਫਸ ਗਿਆ, ਕਿਸ ਨਾਲ ਤੋੜੇ ਕਿਸ ਨਾਲ ਰਖੇ। ਅੰਤ ਉਹ ਦਿੱਲੀ ਵਾਲਿਆਂ ਦਾ ਆਖਾ ਮਨਕੇ ਐਹਮਦ ਸ਼ਾਹ ਨੂੰ ਰੋਕਣ ਲਈ ਤਿਆਰ ਹੋ ਪਿਆ। ਜਾਂ ਐਹਮਦ ਸ਼ਾਹ ਨੇ ਸ਼ਾਹ ਨਵਾਜ਼ ਦਾ ਇਹ ਹਾਲ ਡਿੱਠਾ ਤਾਂ ਉਹ ੧੦ ਜਨਵਰੀ ਨੂੰ ਰਾਵੀ ਲੰਘਕੇ ਸ਼ਾਲਾਮਾਰ ਕੋਲ ਆ ਕੈਮ ਹੋਇਆ। ੧੧ ਜਨਵਰੀ ਨੂੰ ਲੜਾਈ

ਹੋਈ, ਜਿਸ ਵਿਚ ਸ਼ਾਹ ਨਵਾਜ਼ ਹਾਰ ਖਾਕੇ ਦਿੱਲੀ ਨੂੰ ਭਜ ਗਿਆ। ਐਹਮਦ ਸ਼ਾਹ ਅਬਦਾਲੀ ਨੇ ਲਾਹੌਰ ਦਾ ਬਾਹਰ ਦਾ ਪਾਸਾ ਮੁਗ਼ਲ ਪੁਰਾ ਲੁਟ ਲਿਆ, ਅਤੇ ੩੦ ਲੱਖ ਰੁਪੈਈਆ ਲੈਕੇ ਲਾਹੌਰ ਦਾ ਅੰਦਰ ਦਾ ਪਾਸਾ ਲੁਟਣੋ ਛਡ ਦਿਤਾ। ਦੁਰਾਨੀ ਇਕ ਮਹੀਨਾ ਲਾਹੌਰ ਟਿਕ ਕੇ ਤੇ ਜੁਮਲਾ ਖਾਂ ਕਸੂਰੀ ਨੂੰ ਲਾਹੌਰ ਦੀ ਨਵਾਬੀ ਸੌਂਪ ਕੇ, ੧੯ ਫਰਵਰੀ ਨੂੰ ਦਿੱਲੀ ਵਲ ਵਧਿਆ। ਦਿੱਲੀ ਦਾ ਬਾਦਸ਼ਾਹ, ਮੁਹਮੰਦ ਸ਼ਾਹ ਸਭ ਸਮਾਚਾਰ ਸੁਣ ਰਿਹਾ ਸੀ। ਉਹ ਵੀ ਚੁਪ ਨਹੀਂ ਸੀ ਬੈਠਾ। ਸ਼ਾਹਜ਼ਾਦਾ ਐਹਮਦ ਸ਼ਾਹ ਅਤੇ ਵਜ਼ੀਰ ਕਮਰਉ ਦੀਨ ਦੀ ਸਪੁਰਦਗੀ ਵਿਚ ਇਕ ਬੜੀ ਭਾਰੀ ਫੌਜ ਤਿਆਰ ਹੋਈ, ਜਿਸ ਨੇ ਸਰਹੰਦ ਦੇ ਲਾਗੇ, ਮਾਨੂ ਪੁਰ ਦੇ ਕੋਲ ਐਹਮਦ ਸ਼ਾਹ ਦੁਰਾਨੀ ਨੂੰ ਆ ਰੋਕਿਆ। ਮੁਗ਼ਲਾਂ ਅਤੇ ਪਠਾਣਾਂ ਦਾ ਇਕ ਬੜਾ ਭਾਰੀ ਰਣ ਮਚਿਆ। ਵਜ਼ੀਰ ਕਮਰਉ-ਦੀਨ ਇਸ ਲੜਾਈ ਵਿਚ ਮਾਰਿਆ ਗਿਆ। ਕਹਿੰਦੇ ਹਨ, ਵਜ਼ੀਰਦੀ ਮੌਤਨੇ ਇਸ ਜੁਧ ਵਿਚ ਮੁਗ਼ਲਾਂਨੂੰ ਜਿਤਾਇਆ। ਦਸਦੇ ਹਨ, ਜਿਸ ਵੇਲੇ ਵਜ਼ੀਰ ਮਰ ਰਿਹਾ ਸੀ, ਉਸਨੇ ਆਪਣੇ ਪੁਤਰ ਮੀਰ ਮੋਇਯਨ ਅਲ ਮਲਕ (ਮੀਰ ਮੰਨੂੰ) ਨੂੰ ਬੁਲਾਇਆ ਤੇ ਆਖਿਆ, ਮੇਰੇ ਪਿਆਰੇ ਪੁਤ੍ਰ, ਜੋ ਕੁਝ ਮੈਂ ਕਰਨਾ ਸੀ, ਮੇਰੇ ਨਾਲ ਖਤਮ ਹੋ ਗਿਆ। ਪਰ ਬਾਦਸ਼ਾਹ ਦਾ ਕੰਮ ਅਜੇ ਰਹਿੰਦਾ ਹੈ। ਮੇਰੀ ਮੌਤ ਦੀ ਖਬਰ ਫੈਲਣ ਤੋਂ ਪਹਿਲਾਂ ਘੋੜੇ ਤੇ ਚੜ੍ਹ, ਅਤੇ ਬਾਹਦਰਾਂ ਵਾਂਙ ਇਕ ਹੱਲਾ ਬੋਲ, ਇਸ ਤੋਂ ਬਾਦ ਮੈਨੂੰ ਵੇਖੀਂ।

ਆਖਦੇ ਹਨ ਮੀਰ ਮਨੂੰ ਆਪਣੇ ਬਾਪ ਦੇ ਇਹ ਸ਼ਬਦ ਸੁਣਕੇ ਹਥ ਵਿਚ ਮੁਗ਼ਲੀਆ ਝੰਡਾ ਫੜਕੇ, ਹਾਥੀ ਤੇ ਚੜ੍ਹਿਆ, ਅਤੇ ਇਕ ਤੁਫਾਨੀ ਹਲਾ ਬੋਲ ਦਿਤਾ। ਅਗੇ ਅਗੇ ਆਪ, ਸਜੇ ਪਾਸੇ ਸਫਦਰ ਜੰਗ, ਖਬੇ ਈਸ਼ਵਰੀ ਸਿੰਘ, ਅਤੇ ਵਿਚ ਕਾਹੇ ਸ਼ਾਹ

ਜ਼ਾਦਾ। ਦੁਰਾਨੀ ਦੀ ਸ਼ਾਮਤ ਜੋ ਆਉਣੀ ਸੀ। ਉਸ ਦੇ ਬਰੂਦੀ ਤੋੜਾਂ ਨੂੰ ਅੱਗ ਪੈਗਈ। ਜਿਸ ਨਾਲ ਉਸ ਦਾ ਇਕ ਹਜ਼ਾਰ ਪਠਾਣ ਇਕ ਦਮ ਉਡ ਗਿਆ। ਬਸ ਫੇਰ ਕੀ ਸੀ ਦੁਰਾਨੀ ਦੀਆਂ ਫੌਜਾਂ ਵਿਚ ਭਾਜੜ ਪੈਗਈ। ਇਸ ਲੜਾਈ ਵਿਚ ਰਾਜਪੂਤਾਂ ਦਾ ਬੜਾ ਨੁਕਸਾਨ ਹੋਇਆ। ਅਦੀਨਾ ਬੇਗ ਦੇ ਵਾਰੀ ਜ਼ਖਮੀ ਹੋਇਆ। ਮੀਰ ਮਨੂੰ ਦਾ ਭਰਾ ਵੀ ਗੋਲੀ ਨਾਲ ਪਾਰ ਬੋਲਿਆ। ਸਯਦ ਮੁਹੰਮਦ ਲਤੀਫ ਦੀ ਲਿਖਤ ਅਨੁਸਾਰ ਸਰਦਾਰ ਜੱਸਾ ਸਿੰਘ ਜੀ ਰਾਮਗੜੀਆ ਨੇ ਬਦੇਸ਼ੀਆਂ ਨੂੰ ਕਢਣ ਲਈ, ਦੁਰਾਨੀ ਦੇ ਇਸ ਹੱਲੇ ਵਿਚ ਆਪਣੀ ਬੇਨਜ਼ੀਰ ਬਹਾਦਰੀ ਵਖਾਈ ਸੀ। ਜਿਸ ਤੋਂ ਪ੍ਰਭਾਵਤ ਹੋਕੇ ਅਦੀਨਾ ਬੇਗ ਨੇ ਇਸ ਸਮੇਂ ਆਪਣੀਆਂ ਫੌਜਾਂ ਦੀ ਕਮਾਨ ਵੀ ਸਿੰਘ ਬਹਾਦਰ ਦੇ ਹਥ ਦਿਤੀ। *

---

* Jassa Singh, with his two brothers, fought on the side of Adina Beg Khan, when that chief entered in to hostilities with the Abdali King, Ahmed Shah, and his gallantry was so Conspicuous that Adina Beg gave him the Command of his own Troops, which, at that time, were Chiefly SIKHS.

Page 306
History of the Panjab
by
Syad Muhammad Latif

# ਦਲ ਖਾਲਸਾ ਬਣਿਆ
# ਬਾਰਾਂ ਮਿਸਲਾਂ ਦਾ ਮੁੱਢ

ਬੀਤੀਆ ਪੂਰਾ ਇਕ ਸਾਲ ਸਿੰਘਾਂ ਨੂੰ ਕਿਸੇ ਕੁਝ ਨਾ ਆਖਿਆ। ਵਰ੍ਹਿਆਂ ਬਾਦ ਸਿੰਘਾਂ ਨੇ ਪਿੰਡ ਡਿੱਠੇ। ਸਾਕ ਸਬੰਧੀ ਮਿਲੇ, ਮਿਤ੍ਰਾਂ ਨੇ ਮਿਤ੍ਰਾਂ ਨੂੰ ਪਛਾਣਿਆ। ਲੋਕ ਸਿੰਘਾਂ ਦੇ ਦਰਸ਼ਨ ਕਰਨ ਆਉਣ, ਇਨ੍ਹਾਂ ਦੀਆਂ ਕੁਰਬਾਨੀਆਂ, ਪਰਉਪਕਾਰ ਤੇ ਵਰਿਆਮਗੀ ਦੀਆਂ ਕਹਾਣੀਆਂ ਸੁਣ ਸੁਣ ਲੋਕ ਮਤਾਸਰ ਹੋਣ। ਇਸ ਸਮੇਂ ਮਾਝੇ, ਦੁਆਬੇ ਅਤੇ ਰਿਆੜਕੀ ਦੇ ਹਜ਼ਾਰਾਂ ਗਭਰੂ ਨਵੇਂ ਸਿੰਘ ਸਜੇ। ਹਾਰ ਖਾਕੇ ਨੱਸੇ ਜਾਂਦੇ ਦੁਰਾਨੀ ਕੋਲੋਂ ਇਨ੍ਹਾਂ ਬਹੁਤ ਸਾਰੇ ਘੋੜੇ, ਊਠ ਅਤੇ ਸ਼ਸਤਰ ਖੋਹ ਲਏ। ਐਤਕਾਂ ੨੯ ਮਾਰਚ ਸੰਨ ੧੭੪੮ ਨੂੰ ਵਸਾਖੀ ਆਈ, ਅਮ੍ਰਿਤਸਰ ਵਿਖੇ ਖਾਲਸੇ ਦਾ ਇਕ ਬੜਾ ਭਾਰੀ ਇਕੱਠ ਹੋਇਆ। ਸਿੰਘਾਂ ਦੇ ਸਭ ਜੱਥੇ ਦਰਸ਼ਨ ਦਿਦਾਰ ਦੇ ਰਹੇ ਸਨ। ਚਿਰਾਂ ਤੋਂ ਇਕ ਗਲ ਮਹਿਸੂਸ ਕੀਤੀ ਜਾ ਰਹੀ ਸੀ, ਉਹ ਇਹ ਜੁ ਬਹੁਤ ਸਾਰੇ ਛੋਟੇ ਛੋਟੇ ਜੱਥੇ ਤੋੜਕੇ, ਸਿੰਘਾਂ ਦਾ ਇਕ ਦਲ ਬਣਾਇਆ ਜਾਵੇ। ਇਸ ਵੇਲੇ ਸਿੰਘਾਂ ਦੇ ਨਿੱਕੇ ਵੱਡੇ ਪਾਕੇ ਲਗ ਭਗ ੬੩ ਕੁ ਜੱਥੇ ਸਨ। ਸੋ ਲੰਮੀ ਸੋਚ ਵਿਚਾਰ ਤੋਂ ਉਪਰੰਤ, ਸਿੰਘਾਂ ਨੇ ਆਪਣੇ ੧੧ ਜੱਥੇ ਬਣਾਏ। ਨਿੱਕ ਨਿੱਕੇ ਸਭ ਜੱਥੇ ਇਨ੍ਹਾਂ ਜੱਥਿਆਂ ਵਿਚ ਜਜ਼ਬ ਕਰ ਲਏ ਗਏ। ਅਤੇ ਇਨ੍ਹਾਂ ਜੱਥਿਆਂ ਦਾ ਨਾਮ, ਦਲ ਖਾਲਸਾ ਰਖਿਆ ਗਿਆ। ਇਹੋ ਗਿਆਰਾਂ ਜੱਥੇ, ਫੂਲਕਿਆਂ ਦਾ ਜੱਥਾ ਮਿਲਕੇ, ਅੱਗੇ ਚਲਕੇ ਬਾਰਾਂ ਮਿਸਲਾਂ ਦੇ ਨਾਵਾਂ ਨਾਲ ਦੁਨੀਆਂ ਵਿਚ ਮਸ਼ਹੂਰ ਹੁੰਦੇ ਹਨ। ਸਾਰੇ ਖਾਲਸਾ ਦਲ ਦੀ

ਜੱਥੇਦਾਰੀ ਚੋਣ ਦੇ ਅਸੂਲਾਂ ਤੇ ਰਖੀ ਗਈ। ਜੁ ਜਿਸ ਨਾਲ ਹਰ ਸਿਆਣੇ ਜੱਥੇਦਾਰ ਨੂੰ ਆਪਣੇ ਜੰਗੀ ਅਤੇ ਰਾਜਨੀਤਕ ਗੁਣ ਦਸਣ ਦਾ ਹਮੇਸ਼ਾ ਮੌਕਾ ਮਿਲਦਾ ਰਹੇ।

ਇਸ ਤਰਾਂ ਸਿੰਘਾਂ ਦੀ ਇਕ ਮਜ਼ਬੂਤ ਜੱਥੇ-ਬੰਦੀ ਬਣੀ। ਅੱਗੇ ਚਲਕੇ ਦਲ ਖਾਲਸਾ ਦੇ ਦੋ ਭਾਗ ਬਣਾਏ ਗਏ, ਇਕ ਬੁੱਢਾ ਦਲ ਅਤੇ ਇਕ ਤਰੁਣਾ ਦਲ। ਬੁੱਢੇ ਦਲ ਵਿਚ ਪੁਰਾਣੇ ਸਿੰਘ ਸਨ, ਅਤੇ ਤਰੁਣਾ ਦਲ ਵਿਚ ਨਵੇਂ ਗਭਰੂ ਭੁਜੰਗੀ।

ਹੁਣ ਸਿੰਘਾਂ ਦੇ ਹੌਂਸਲੇ ਅਤਯੰਤ ਵਧ ਗਏ ਸਨ। ਰਾਜ ਕਰਣ ਦੀਆਂ ਆਸਾਂ ਹੋਰ ਵੀ ਪਰਬਲ ਹੋ ਗਈਆਂ ਸਨ। ਅਬਦਾਲੀ ਦੇ ਹਾਰ ਜਾਣ ਤੋਂ ਬਾਦ ਇਹ ਖਿਆਲ ਕੀਤਾ ਜਾਂਦਾ ਸੀ। ਜੁ ਲਾਹੌਰ ਦਾ ਮੁੜ ਸੂਬੇਦਾਰ ਸ਼ਾਹ ਨਵਾਜ਼ ਬਣੇਗਾ। ਪਰ ਇਹ ਨਾ ਹੋਇਆ।

# ਮੀਰ ਮੱਨੂੰ ਦੀ ਹਕੂਮਤ----ਸਿੰਘਾਂ ਤੇ ਸਖਤੀ

ਮੁਗ਼ਲਾਂ ਕੋਲੋਂ ਹਾਰ ਖਾਕੇ ਦੁਰਾਨੀ ਕਾਬਲ ਨੂੰ ਨਸ ਗਿਆ। ਇਸ ਜਿਤ ਦਾ ਸਿਹਰਾ ਮੀਰ ਮੋਇਯਨ ਅਲ ਮੁਲਕ (ਮੀਰ ਮੱਨੂੰ) ਦੇ ਸਿਰ ਬੱਝਾ। ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਨੇ ਮੀਰ ਮੱਨੂੰ ਨੂੰ ਪੰਜਾਬ ਦੀ ਹਕੂਮਤ ਸੌਂਪੀ। ਅਧ ਅਪਰੈਲ ਸਨ ੧੭੪੮ ਨੂੰ ਮੀਰ ਮੱਨੂੰ ਨੇ ਲਾਹੌਰ ਦਾ ਪ੍ਰਬੰਧ ਆਪਣੇ ਹਥ ਵਿਚ ਲਿਆ। ਲਾਹੌਰ ਦਾ ਨਵਾਬ ਬਣਕੇ, ਮੀਰ ਮੱਨੂੰ ਨੇ ਵਜ਼ੀਰੀ ਦਾ ਕਲਮ-ਦਾਨ ਤਾਂ ਦੀਵਾਨ ਕੌੜਾ ਮਲ ਦੇ ਹਵਾਲੇ ਕੀਤਾ, ਅਤੇ ਦੁਆਬੇ ਦੀ ਹਕੂਮਤ ਦੀ ਪ੍ਰਵਾਨਗੀ ਨਵਾਬ ਅਦੀਨਾ ਬੇਗ ਨੂੰ ਦਿਤੀ।

ਅੇਹਮਦ ਸ਼ਾਹ ਅਬਦਾਲੀ ਜਾਂਦਾ ਜਾਂਦਾ ਲਾਹੌਰ ਦਾ ਸੂਬੇਦਾਰ ਲਖਪਤ ਰਾਏ ਨੂੰ ਬਣਾ ਗਿਆ ਸੀ। ਜੋ ਕੈਦ ਕਰ ਲਿਆ ਗਿਆ। ਕੌੜਾ ਮਲ ਨੇ ਇਹ ਮੀਰ ਮੱਨੂੰ ਤੋਂ ਲੈ ਲਿਆ, ਅਤੇ ਇਹ ਪਾਪੀ ਪੁਰਖ ਤਸੀਹੇ ਭੋਗਦਾ ਕੈਦ ਵਿਚ ਹੀ ਮਰ ਗਿਆ। ਮੀਰ ਮੱਨੂੰ ਨੇ ਪੰਜਾਬ ਦੀ ਹਕੂਮਤ ਸੰਭਾਲਦਿਆਂ ਹੀ ਜਾਂ ਪ੍ਰਾਂਤ ਵਲ ਨਜ਼ਰ ਮਾਰੀ ਤਾਂ ਉਸ ਨੂੰ ਹਰ ਪਾਸੇ ਬਦ ਅਮਨੀ ਹੀ ਬਦ ਅਮਨੀ ਨਜ਼ਰ ਪਈ ਇਸ ਬਦਅਮਨੀ ਦਾ ਬਹੁਤਾ ਕਾਰਨ ਉਸ ਨੂੰ ਸਿੰਘ ਹੀ ਜਾਪੇ।

ਮੀਰ ਮਨੂੰ ਬੜੇ ਕਰੜੇ ਸੁਭਾ ਦਾ ਬੰਦਾ ਸੀ। ਮਾਨੂੰ ਪੁਰ ਦੀ ਜਿਤ ਨੇ ਉਸ ਦੇ ਸੁਭਾ ਵਿਚ ਹੋਰ ਵੀ ਜੁਸ਼ੀਲਾਪਨ ਅਤੇ ਦਬ ਦਬਾ ਲੈ ਆਂਦਾ ਸੀ। ਉਹ ਆਪਣੇ ਰਾਜ ਵਿਚ ਕਿਸੇ ਕਿਸਮ ਦੀ ਸ਼ੋਰਸ਼ ਬਰਦਾਸ਼ਤ ਨਹੀਂ ਸੀ ਕਰ ਸਕਦਾ। ਇਕ ਮਹੀਨਾ ਉਸ ਨੇ ਜ਼ਰੂਰੀ ਪ੍ਰਬੰਧ ਕਰਕੇ, ਮਈ ਦੇ ਮਹੀਨੇ ਵਿਚ ਉਸਨੇ ਸਿੰਘਾਂ ਦੇ ਖਿਲਾਫ ਮੁਹਿੰਮ ਜਾਰੀ ਕੀਤੀ। ਸਿੰਘਾਂ ਨੇ ਇਸ ਸਮੇਂ ਫੇਰ ਮਾਝਾ ਅਤੇ ਰਿਆੜਕੀ ਛਡਕੇ ਦੁਆਬੇ ਵਿਚ ਆ ਡੇਰੇ ਲਾਏ। ਏਥੇ

ਅਦੀਨਾ ਬੇਗ ਵਲੋਂ ਸਿੰਘਾਂ ਨੂੰ ਫੇਰ ਮਿਤ੍ਰਾਂ ਵਾਂਙ ਰਖਿਆ ਗਿਆ † । ਮੀਰ ਮੰਨੂੰ ਲਾਹੌਰ ਦੇ ਪਹਿਲਿਆਂ ਨਵਾਬਾਂ ਨਾਲੋਂ ਕਿਸੇ ਹੋਰ ਰੁਖ ਦਾ ਸੀ, ਜਿਨਾਂ ਨੂੰ ਅਦੀਨਾ ਬੇਗ ਧੋਖਾ ਦੇ ਛਡਦਾ ਸੀ। ਇਸ ਅਗੇ ਇਸ ਦੀ ਚਲਾਕੀ ਨਾ ਚਲੀ। ਮੀਰ ਮੰਨੂੰ ਨੇ ਇਕ ਤਾੜਨਾ ਭਰਿਆ ਹੁਕਮ ਅਦੀਨਾ ਬੇਗ ਨੂੰ ਘਲਿਆ, ਸਿੰਘਾਂ ਦੀ ਸਰਕੋਬੀ ਕਰੇ। ਲਾਚਾਰ ਉਸ ਨੇ ਸਿੰਘਾਂ ਤੇ ਇਕ ਹੱਲਾ ਕੀਤਾ, ਪਰ ਬਹੁਤੀ ਗਿਣਤੀ ਦਸਕੇ ਪਿੱਛਾ ਨਾ ਕੀਤਾ, ਅਤੇ ਹੋਰ ਫੌਜਾਂ ਵਾਸਤੇ ਲਾਹੌਰ ਲਿਖ ਭੇਜਿਆ। ਐਦਾਂ ਮਹੀਨਾ ਡੇੜ ਮਹੀਨਾ ਇਸ ਨੇ ਫੇਰ ਕੰਮ ਅਟਕਾ ਛਡਿਆ। ਅਗਲੇ ਮਹੀਨੇ ਵਰਖਾ ਦੇ ਦਿਨ ਆ ਗਏ।

ਤਿਨ ਚਾਰ ਮਹੀਨੇ ਨਾ ਹਕੂਮਤ ਵਲੋਂ ਅਤੇ ਨਾ ਸਿੰਘਾਂ ਵਲੋਂ ਕੋਈ ਛੇੜਖਾਨੀ ਹੋਈ।

---

† Thay evacuated The bari doab and entered The Jullundur Doab. where They received friendly gestures from Adina Beg.

History Of the Sikhs
by
Hari ram Gupta

p. 59

# ਰਾਮ ਰੌਣੀ ਦਾ ਘੇਰਾ

# ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਦੀ ਹਿੰਮਤ ਤੇ ਮਰਦਾਨਗੀ ਨਾਲ ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਤੇ ਤਿਨ ਸੌ ਸਿੰਘਾਂ ਦੀ ਜਾਨ ਬਚੀ।

ਅਕਤੂਬਰ ਵਿਚ ਦਿਵਾਲੀ ਆਈ। ਸਭ ਖਤਰੇ ਅਨਭਵ ਕਰਦੇ ਸਿੰਘ ਫੇਰ ਅਮ੍ਰਿਤਸਰ ਇਕੱਠੇ ਹੋਏ। ਦਰਬਾਰ ਸਾਹਿਬ ਦੇ ਦਰਸ਼ਨ ਕੀਤੇ, ਦੀਪ ਮਾਲਾ ਕੀਤੀ, ਦੀਵਾਨ ਲੱਗੇ, ਅਤੇ ਆਉਣ ਵਾਲੇ ਸਮੇਂ ਉੱਤੇ ਵਿਚਾਰਾਂ ਕੀਤੀਆਂ। ਸਭ ਤੋਂ ਜ਼ਰੂਰੀ ਕੰਮ ਜੋ ਕੀਤਾ, ਉਹ ਇਹ ਜੁ ਰਾਮ ਰੌਣੀ ਵਿਚ ਦਾਣਾ ਪੱਠਾ ਜਮਾ ਕੀਤਾ ਗਿਆ।

ਇਹ ਖਬਰਾਂ ਜਾਂ ਲਾਹੌਰ ਪੁਜੀਆਂ, ਤਾਂ ਮੀਰ ਮੰਨੂੰ ਨੇ ਇਕ ਬੜੀ ਜ਼ਬਰਦਸਤ ਫੌਜ ਚਾੜ੍ਹ ਦਿਤੀ। ਇਨ੍ਹੀਂ ਦਿਨੀ ਇਹ ਲਾਹੌਰ ਵਿਚ ਆਮ ਚਰਚਾ ਸੀ, ਜੁ ਨਵਾਬ ਅਦੀਨਾ ਬੇਗ ਖ਼ਾਂਨ ਵਿਚੋਂ ਸਿੰਘਾਂ ਨਾਲ ਰਲਿਆ ਹੋਇਆ ਹੈ। ਸੋ ਇਸ ਸ਼ਕ ਦਾ ਨਿਰਨਾ ਕਰਨ ਲਈ ਇਸ ਮੁਹਿਮ ਦੀ ਸਪੁਰਦਗੀ ਮੀਰ ਮੰਨੂੰ ਨੇ ਅਦੀਨਾ ਬੇਗ ਦੇ ਹਥ ਦਿਤੀ। ਦੀਵਾਨ ਕੌੜਾ ਮਲ, ਸਦੀਕ ਬੇਗ ਅਤੇ ਮਿਰਜ਼ਾ ਅਜ਼ੀਜ਼ ਖ਼ਾਂਨ ਬਖਸ਼ੀ ਨਾਲ ਭੇਜੇ।

ਜਾਂ ਫੌਜਾਂ ਆਉਣ ਦਾ ਸਮਾਚਾਰ ਸਿੰਘਾਂ ਨੇ ਸੁਣਿਆ, ਤਾਂ ਪੰਜ

ਸੋ ਸਿੰਘ ਰਾਮ ਰੌਣੀ ਵਿਚ ਕੈਮ ਹੋ ਬੈਠਾ। ਕੁਝ ਰਾਮਸਰ ਦਿਆਂ ਝਾੜਾਂ ਵਿਚ ਲੁਕ ਕੇ ਬਹਿ ਗਏ, ਅਤੇ ਬਾਕੀ ਜੱਥੇ ਲਾਗੇ ਲਾਗੇ ਦੇ ਝੱਲਾਂ ਵਿਚ ਜਾ ਟਿਕੇ ਜੁ ਵੇਲੇ ਸਿਰ ਰਾਮ ਰੌਣੀ ਦੇ ਸਿੰਘਾਂ ਦੀ ਮਦਦ ਕੀਤੀ ਜਾ ਸਕੇ।

ਹੁਣ ਅਦੀਨਾ ਬੇਗ ਦੀ ਜਾਨ ਬੜੀ ਕੁੜਿਕੀ ਵਿਚ ਫਸੀ। ਕੀ ਕਰੇ ਕੀ ਨਾ ਕਰੇ। ਪਹਿਲਾਂ ਤਾਂ ਉਸ ਨੇ ਆਪਣੀ ਅੰਦਰੂਨੀ ਮਿਤ੍ਰਤਾ ਅਨੁਸਾਰ ਵਿਚੇ ਵਿਚ ਰਾਮ ਰੌਣੀ ਦੇ ਸਿੰਘਾਂ ਨਾਲ ਗਲ ਬਾਤ ਕੀਤੀ, ਪਰ ਕੋਈ ਗਲ ਨੇਪਰੇ ਨਾ ਚੜ੍ਹੀ, ਸਿੰਘਾਂ ਦਾ ਖਿਆਲ ਸੀ, ਜੁ ਮੀਰ ਮੰਨੂੰ ਨੂੰ ਇਕ ਵਾਰੀ ਕਰੜੇ ਹਥ ਵਿਖਾਏ ਜਾਣ। ਸੋ ਏਸੇ ਤਰਾਂ ਹੋਇਆ ਵੀ। ਲੜਾਈ ਛਿੜਦਿਆਂ ਪਹਿਲਿਆਂ ਹਲਿਆਂ ਵਿਚ ਅੰਦਰ ਦੇ ਅਤੇ ਬਹਾਰ ਦੇ ਸਿੰਘਾਂ ਨੇ ਲਾਹੌਰ ਦੀ ਫੌਜ ਦਾ ਕਾਫੀ ਨੁਕਸਾਨ ਕੀਤਾ। ਪਰ ਆਖਰ ਲਾਹੌਰੋਂ ਸੈਨਾ ਹੋਰ ਆ ਗਈ। ਇਸ ਸੈਨਾ ਵਿਚ ਐਤਕੀਂ ਪਹਾੜੀ ਰਾਜਿਆਂ ਦੀਆਂ ਫੌਜਾਂ ਵੀ ਆਈਆਂ। ਹੁਣ ਰਾਮ ਰੌਣੀ ਨੂੰ ਪੱਕੇ ਤੌਰ ਤੇ ਘੇਰਾ ਪਾ ਲਿਆ ਗਿਆ। ਬਾਹਰੋਂ ਮਦਦ ਆਉਣੀ ਇਕ ਦਮ ਬੰਦ ਹੋ ਗਈ। ਇਹ ਘੇਰਾ ਲਮਕਦਾ ਗਿਆ, ਅਤੇ ਦਿਨੋਂ ਦਿਨ ਅੰਦਰਲਿਆਂ ਲਈ ਬੜੀ ਖਤਰਨਾਕ ਸੂਰਤ ਧਾਰਨ ਕਰਦਾ ਗਿਆ। ਲਗ ਭਗ ਚਾਰ ਮਹੀਨੇ ਹੋਣ ਲਗੇ ਸਨ। ਅੰਦਰਲੇ ਪੰਜ ਸੌ ਸਿੰਘਾਂ ਵਿਚੋਂ ਦੋ ਸੌ ਸ਼ਹੀਦ ਹੋ ਚੁਕੇ ਸਨ। ਇਸ ਵੇਲੇ ਘਿਰੇ ਹੋਏ ਸਿੰਘਾਂ ਦਾ ਅਦੀਨਾ ਬੇਗ ਨਾਲ ਕੋਈ ਗਲ ਬਾਤ ਕਰਨ ਦਾ ਵਕਤ ਵੀ ਲੰਘ ਚੁਕਾ ਸੀ।

ਕਿਉਂਕਿ ਅਰੰਭ ਵਿਚ, ਇਨ੍ਹਾਂ ਵਿਚੋਂ ਸ: ਜੱਸਾ ਸਿੰਘ ਜੀ ਆਹਲੂ-ਵਾਲੀਆ ਦਾ ਅਦੀਨਾ ਬੇਗ ਨੂੰ ਤੋੜਵਾਂ ਉਤਰ ਮਿਲ ਚੁਕਾ ਸੀ *।

---

* ਡਾ: ਬਲਬੀਰ ਸਿੰਘ--ਜੀਵਨ ਮਹਾਰਾਜਾ ਕੌੜਾ ਮਲ

ਇਹ ਵੇਲਾ ਸ: ਜੱਸਾ ਸਿੰਘ ਜੀ ਰਾਮਗੜ੍ਹੀਆ ਲਈ ਅਤਿ ਜ਼ੁਮੇਵਾਰੀ ਦਾ ਸੀ, ਉਹ ਖਾਲਸੇ ਵਲੋਂ ਵਕੀਲ ਦੀ ਹਸੀਅਤ ਵਿਚ ਅਦੀਨਾ ਬੇਗ ਪਾਸ ਰਹਿ ਰਹੇ ਸਨ। ਇਸ ਲਈ ਉਹ ਇਸ ਨਾਜ਼ਕ ਸਮੇਂ ਕਿਵੇਂ ਚੁਪ ਬੈਠੇ ਰਹਿ ਸਕਦੇ ਸਨ। ਜਦ ਕਿ ਇਸ ਵੇਲੇ ਰਾਮ ਰੌਣੀ ਅੰਦਰ ਤਿਨ ਸੌ ਸਿੰਘਾਂ ਦੀਆਂ ਜਾਨਾਂ ਭਾਰੀ ਖਤਰੇ ਵਿਚ ਦਿਸ ਰਹੀਆਂ ਸਨ, ਅਤੇ ਫੇਰ ਇਸ ਘੇਰੇ ਦਾ ਵਡਾ ਅਫਸਰ ਅਦੀਨਾ-ਬੇਗ ਸੀ।

ਆਪ ਇਸ ਸਮੇਂ ਸਣੇ ਆਪਣੇ ਸਵਾਰਾਂ ਦੇ, ਦੁਆਬੇ ਤੋਂ, ਅਦੀਨਾ ਬੇਗ ਦੀਆਂ ਫੌਜਾਂ ਨਾਲ ਰਾਮ ਰੌਣੀ ਦੇ ਘੇਰੇ ਤੇ ਆਏ, ਅਤੇ ਇਸ ਮਾਮਲੇ ਦੇ ਨਬੇੜਨ ਦੀ ਰਾਤ ਦਿਨ ਕੋਸ਼ਸ਼ ਕਰਨ ਲਗੇ। ਪਰ ਅਦੀਨਾ ਬੇਗ ਸੀ, ਜੁ ਲੋਹੇ ਦਾ ਬਣ ਹੋਇਆ ਪਿਆ ਸੀ। ਇਕ ਤਾਂ ਉਹ ਸਿਖਾਂ ਦੇ ਸਬੰਧ ਵਿਚ ਅਗੇ ਸ਼ਕੀ ਸੀ, ਤੇ ਮੀਰ ਮੰਨੂੰ ਦੇ ਗੁੱਸੇ ਤੋਂ ਡਰਦਾ ਸੀ, ਅਤੇ ਦੂਸਰਾ ਉਹ ਸ: ਜੱਸਾ ਸਿੰਘ ਆਹਲੂਵਾਲੀਏ ਦੇ ਮੁਢਲੇ ਉੱਤਰ ਤੋਂ ਸੜਿਆ ਪਿਆ ਸੀ। ਇਸ ਕਰਕੇ ਕੋਈ ਰੁਖ ਨਹੀਂ ਸੀ ਬਣਦਾ ਲਭਦਾ।

ਏਧਰ ਘਿਰੇ ਹੋਏ ਖਾਲਸੇ ਦਾ ਸੁਨੇਹੇ ਤੇ ਸੁਨੇਹਾ ਪੁਜ ਰਿਹਾ ਸੀ। ਜਿਉਂ ਜਿਉਂ ਦਿਨ ਬੀਤ ਰਹੇ ਸਨ, ਅਨ ਦਾਣੇ ਅਤੇ ਗੋਲੀ ਬਰੂਦ ਦੀ ਤੋਟ ਹਥੋਂ ਅੰਦਰਲੇ ਹਾਲਾਤ ਬੜੇ ਖਰਾਬ ਹੁੰਦੇ ਜਾ ਰਹੇ ਸਨ। ਅਤੇ ਉਹ ਦਿਨ ਨੇੜੇ ਆ ਰਿਹਾ ਸੀ, ਜਿਸ ਦਿਨ ਸਾਰੇ ਸਿੰਘ ਲੜ ਕੇ ਸ਼ਹੀਦੀਆਂ ਪਾ ਜਾਣ।

ਆਖਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ § ਅਤਿ ਤੰਗ ਪੈ ਗਿਆ, ਤੇ ਉਸ ਨੇ ਰਾਮ ਰੌਣੀ ਦੇ ਖਾਲਸੇ ਵਲੋਂ ਆਪ ਜੀ

---

§ ਅੰਦਰਲੇ ਸਿੰਘਾਂ ਦਾ ਜੱਥੇਦਾਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸੀ। ਵੇਖੋ ਚਰਨ ਹਰਿ ਵਿਸਥਾਰ।

ਦੇ ਨਾਮ ਇਕ ਸਖ਼ਤ ਚਿੱਠੀ ਲਿਖੀ, * ਤੰਗੀ ਵਿਚ ਜਿਸ ਤਰਾਂ ਕਿ ਮਨੁਖ ਦਾ ਸੁਭਾ ਹੋ ਜਾਂਦਾ ਹੈ, ਏਸ ਚਿੱਠੀ ਵਿਚ ਕੁਝ ਕੌੜੇ ਫਿੱਕੇ ਸ਼ਬਦ ਵੀ ਵਰਤੇ ਗਏ, ਭਾਵ ਇਹ ਸੀ ਜੁ ਇਕ ਦਮ ਅਦੀਨਾ ਬੇਗ ਨੂੰ ਛਡ ਕੇ ਸਹਾਇਤਾ ਲਈ ਰਾਮ ਰੌਣੀ ਅੰਦਰ ਆ ਜਾਓ ।

ਹੁਣ ਢਿਲ ਕਰਨ ਦਾ ਵੇਲਾ ਨਹੀਂ ਸੀ, ਤੇ ਨਾ ਹੀ ਚਿੱਠੀ ਦੇ ਲਫਜ਼ਾਂ ਤੇ ਗੁੱਸਾ ਕਰਨ ਦਾ। ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਨੇ ਅਦੀਨਾ ਬੇਗ ਨਾਲ ਆਖਰੀ ਗਲ ਬਾਤ ਕੀਤੀ। ਦੀਵਾਨ ਕੌੜਾ ਮਲ ਨੂੰ ਮਿਲੇ, ਤੇ ਅੰਤ ਰਾਤ ਨੂੰ ਬਹੁਤ ਸਾਰਾ ਜੰਗੀ ਸਾਮਾਨ ਅਤੇ ਅਨ ਦਾਣਾ ਲੈਕੇ ਸਣੇ ਆਪਣੇ ਸਵਾਰਾਂ ਦੇ ਰਾਮ ਰੌਣੀ ਵਿਚ ਜਾ ਵੜੇ।

ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਦੇ ਰਾਮ ਰੌਣੀ ਵਿਚ ਆ ਜਾਣ ਨਾਲ, ਸਿੰਘਾਂ ਵਿਚ ਜਾਨ ਪੈ ਗਈ, ਸਿੰਘ ਚੌਗਣੇ ਹੋ ਗਏ। ਤਾਜ਼ੇ ਆਏ ਜੱਥੇ ਨੇ ਜੁ ਹੱਲੇ ਤੇ ਹੱਲਾ ਸ਼ੁਰੂ ਕੀਤਾ, ਮੁਗ਼ਲਾਂ ਦੀ ਸੈਨਾ ਨੂੰ ਹੱਥਾਂ ਪੈਰਾਂ ਦੀ ਪੈ ਗਈ। ਰਾਮ ਰੌਣੀ ਵਿਚ ਆਕੇ ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਨੇ ਦੀਵਾਨ ਕੌੜਾ ਮਲ ਨੂੰ ਲਿਖਿਆ, ਅਸੀਂ ਤਾਂ ਹੁਣ ਤਲਵਾਰ ਨਾਲ ਖੇਡਾਂਗੇ, ਪਰ ਆਪ ਖਾਲਸੇ ਨਾਲ ਹਮਦਰਦੀ ਰਖਦੇ ਹੋ, ਘੇਰਾ ਚੁਕਾਉਣ ਦੀ ਕੋਈ ਸਬੇਲ ਬਣਾਓ +। ਸੋ ਇਸ ਚਿੱਠੀ ਦਾ ਬੜਾ ਸੋਹਣਾ ਨਤੀਜਾ

---

* ਕਿਤਾਬੇ ਤਾਰੀਖ਼ੇ ਪੰਜਾਬ-ਖੁਸ਼ਵਕਤ ਰਾਏ-ਹਰੀਰਾਮ ਸਫਾ (੬੦)

+ ਰਾਮ ਰੌਣੀ ਵਿਚ ਪੁਜਕੇ ਜੱਸਾ ਸਿੰਘ ਨੇ ਬਾਹਰ ਦੀਵਾਨ ਕੌੜਾ ਮਲ ਨੂੰ ਸੁਨੇਹਾ ਭੇਜਿਆ, ਕਿ ਤੂੰ ਵੀ ਗੁਰੂ ਨਾਨਕ ਦਾ ਸਿਖ ਹੈਂ, ਤੇ ਸਾਡਾ ਗੁਰ ਭਾਈ ਹੈਂ, ਇਸ ਵੇਲੇ ਘਿਰੇ ਹੋਇਆਂ ਦੀ ਖਲਾਸੀ ਤੇਰੀ ਹਿੰਮਤ ਨਾਲ ਹੋ ਸਕਦੀ ਹੈ, ਜੇ ਤੂੰ ਤਿੰਨ ਸੌ ਦੀ ਜਾਨ ਬਚਵਾ ਸਕੇਂ-ਖੁਸ਼ਵਕਤ ਰਾਏ-ਪ੍ਰੋ: ਗੰਡਾ ਸਿੰਘਦਾ ਕੌੜਾਮਲ ਸਫਾ ੫੯

ਨਿਕਲਿਆ। ਇਨ੍ਹੀ ਦਿਨੀ ਦੁਰਾਨੀ ਦੇ ਮੁੜ ਦੂਜੇ ਹਮਲੇ ਅਤੇ ਸ਼ਾਹਨਵਾਜ਼ ਦੇ ਮੁਲਤਾਨ ਤੇ ਕਬਜ਼ਾ ਕਰਨ ਦੀਆਂ ਖਬਰਾਂ ਆਈਆਂ ਮੀਰ ਮੰਨੂੰ ਦੋਹਾਂ ਵੈਰੀਆਂ ਵਿਚ ਫਸ ਗਿਆ।

ਇਸ ਸਮੇਂ ਮੀਰ ਮੰਨੂੰ ਨੇ ਦੀਵਾਨ ਕੌੜਾ ਮਲ ਤੇ ਆਪਣੇ ਦੂਸਰੇ ਅਮੀਰਾਂ ਕੋਲੋਂ ਸਲਾਹ ਲਈ। ਦੀਵਾਨ ਕੌੜਾ ਮਲ ਨੇ ਕਿਹਾ ਇਸ ਵੇਲੇ ਦੋ ਮਹਿਮਾਂ ਸਿਰ ਤੇ ਬੜੀਆਂ ਚੜ੍ਹੀ ਆ ਪਈਆਂ ਹਨ। ਇਸ ਲਈ ਜੇ ਰਾਮ ਰੌਣੀ ਦਾ ਘੇਰਾ ਉਠਾ ਲਿਆ ਜਾਵੇ ਤਾਂ ਬੜਾ ਚੰਗਾ ਹੈ, ਨਾਲੇ ਜੇ ਸਿੰਘਾਂ ਨਾਲ ਲੜਨ ਦੀ ਬਜਾਏ ਇਨ੍ਹਾਂ ਨੂੰ ਆਪਣੇ ਨਾਲ ਰਖੀਏ ਤਾਂ ਕੀ ਮਾੜਾ ਹੈ। ਮੀਰ ਮੰਨੂੰ ਨੇ ਕਿਹਾ ਉਹ ਕਿਵੇਂ ? ਬਸ ਇਨ੍ਹਾਂ ਨੂੰ ਕੋਈ ਜਗੀਰ ਲਾ ਦਿਤੀ ਜਾਵੇ, ਜਿਸ ਦੇ ਉਤੇ ਇਹ ਗੁਜ਼ਾਰਾ ਕਰਨ। ਸਭ ਫਸਾਦ ਬੰਦ ਹੋ ਜਾਣਗੇ। ਕੋਲੋਂ ਅਦੀਨਾ ਬੇਗ ਨੇ ਵੀ ਸ਼ਾਹਦੀ ਭਰੀ। ਨਵਾਬ ਮੀਰ ਮੰਨੂੰ ਮਨ ਗਿਆ, ਤੇ ਰਾਮ ਰੌਣੀ ਦਾ ਘੇਰਾ ਚੁਕ ਲਿਆ ਗਿਆ। ਇਸ ਸਮੇਂ ਗੁਰੂ ਚਕਵਾਲੇ ਬਾਰਾਂ ਪਿੰਡ ਰਾਮ ਰੌਣੀ ਦੇ ਨਾਂ ਲਗੇ, ਅਤੇ ਪਰਗਣਾ ਪੱਟੀ ਦੇ ਮਾਮਲੇ ਦਾ ਚੌਥਾ ਹਿੱਸਾ। ਸਿੰਘ ਬਹਾਦਰ ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਨੂੰ ਪੰਥ ਨੇ ਵਡੀ ਇਜ਼ਤ ਮਾਣ ਨਾਲ ਰਾਮ ਰੌਣੀ ਦੀ ਸਰਦਾਰੀ ਦਿਤੀ †। ਜਿਨ੍ਹਾਂ ਦੀ ਰਾਜਨੀਤੀ ਅਤੇ ਬੇ-ਮਸਾਲ ਬਹਾਦਰੀ ਨਾਲ ਤਿਨਸੌ ਸਿੰਘਾਂ ਅਤੇ ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਏ ਦੀ ਜਾਨ ਬਚੀ। ਆਪ ਜੀ ਨੇ ਏਸੇ ਰਾਮ ਰੌਣੀ ਨੂੰ ਅਗੇ ਚਲਕੇ ਇਕ ਵਡੇ ਕਿਲੇ ਦੀ ਸ਼ਕਲ ਦਿਤੀ, ਅਤੇ ਨਾਮ ਰਾਮ ਗੜ੍ਹ ਰਖਿਆ, ਜਿਸ ਤੋਂ ਆਪ ਜੀ ਦਾ ਨਾਮ ਸੰਸਾਰ ਵਿਚ

---

† ਰਾਮ ਰੌਣੀ ਰਾਮ ਗੜ੍ਹ ਭਯੋ, ਉਸ ਦਿਨ ਤੇ ਮਸ਼ਹੂਰ ॥
ਠੋਕੇ ਰਾਮਗੜ੍ਹੀਏ ਭਏ, ਵਡੇ ਸੁ ਵਖਤ ਜ਼ਰੂਰ ॥
ਪ੍ਰਾਚੀਨ ਪੰਥ ਪ੍ਰਕਾਸ਼ ਰਤਨ ਸਿੰਘ ਭੰਗੂ

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਪ੍ਰਸਿਧ ਹੋਇਆ। ਇਹ ਹਾਲ ਫਰਵਰੀ ੧੭੪੯ ਈਸਵੀ ਦਾ ਹੈ *।

---

* ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਬਾਬਤ ਰਾਮ ਰੌਣੀ ਦੇ ਵਾਕਿਆ ਸਬੰਧੀ ਦੋਹਾਂ ਪੰਥ ਪ੍ਰਕਾਸ਼ਾਂ ਵਿਚ ਬਹੁਤ ਕੁਝ ਗ਼ਲਤ ਬਿਆਨ ਕੀਤਾ ਗਿਆ ਹੈ। ਜਿਨ੍ਹਾਂ ਦੀ ਲਿਖਤ ਤੋਂ ਅਗੇ ਨਕਲ ਕਰਕੇ ਕਈ ਇਤਿਹਾਸਕਾਰਾਂ ਨੇ ਟਪਲਾ ਖਾਧਾ ਹੈ। ਪਰ ਇਨ੍ਹਾਂ ਦੋਹਾਂ ਪੰਥ ਪ੍ਰਕਾਸ਼ਾਂ ਦੇ ਕ੍ਰਤਿਆਂ ਚੋਂ ਬਹੁਤਾ ਕਸੂਰ ਭਾਈ ਰਤਨ ਸਿੰਘ ਭੰਗੂ ਦਾ ਹੈ, ਜਿਸ ਨੇ ਸਭ ਤੋਂ ਪਹਿਲਾਂ ਆਪਣੇ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਇਸ ਮਾਮਲੇ ਬਾਰੇ ਜਾਣਦੇ ਬੁਝਦੇ ਜਾਂ ਨਾਂ ਜਾਣਦੇ ਬੁਝਦੇ ਐਵੇਂ ਝੂਠ ਥਪਿਆ ਹੈ।

ਰਤਨ ਸਿੰਘ ਭੰਗੂ ਲਿਖਦਾ ਹੈ, ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਪੰਥ ਨਾਲੋਂ ਟੁਟਿਆ ਹੋਇਆ ਸੀ, ਤੇ ਏਸੇ ਕਰਕੇ ਉਹ ਅਦੀਨਾ ਬੇਗ ਪਾਸ ਚਲਾ ਗਿਆ ਸੀ। ਜੋ ਸਰਾਸਰ ਨਿਰਮੂਲ ਅਤੇ ਕੂੜ ਹੈ। ਹੋਰ ਕੋਈ ਇਤਿਹਾਸ ਇਸ ਗਲ ਦੀ ਸ਼ਾਹਦੀ ਨਹੀਂ ਭਰਦਾ। ਪੁਰਾਣੇ ਸਾਰੇ ਇਤਿਹਾਸਕਾਰ ਹਿੰਦੂ, ਮੁਸਲਮਾਨ ਅਤੇ ਅੰਗਰੇਜ਼ ਇਸ ਗਲ ਤੇ ਇੱਕ ਹਨ, ਜੁ ਅਦੀਨਾ ਬੇਗ ਖ਼ਾਨ ਅੰਦਰ ਖਾਤੇ ਖਾਲਸੇ ਨਾਲ ਮਿਲਿਆ ਹੋਇਆ ਸੀ, ਤੇ ਉਨ੍ਹਾਂ ਨਾਲ ਸ਼ਰਤਾਂ ਤੈਹ ਕੀਤੀਆਂ ਹੋਈਆਂ ਸਨ, ਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਉਸ ਪਾਸ ਸੀ।

ਕੰਨਿਘਮ ਭਾਵੇਂ ਇਸ ਗਲ ਨੂੰ ਜ਼ਰਾ ਅਗੇ ਚਲਕੇ (ਅਬ-ਦਾਲੀ ਦੇ ਤੀਜੇ ਹਮਲੇ ਤੋਂ ਬਾਦ ਹੋਈ ਦਸਦਾ ਹੈ।) ਉਹ ਆਖਦਾ ਮਾਖੋਵਾਲ ਦੀ ਮੁਠ ਭੇੜ ਤੋਂ ਪਿਛੋਂ ਸਰਦਾਰ ਜੱਸਾ ਸਿੰਘ

ਅੱਗੇ ਵੇਖੋ ਸਫ਼ਾ (੩੩) ਦੇ ਥੱਲੇ

# ਮੁਲਕ ਵਿਚ ਕੁਝ ਚਿਰ ਅਮਨ
# ਤੋਪਚੀ ਫੌਜ ਦੀ ਭਰਤੀ

ਹੁਣ ਸਿੰਘਾਂ ਨੂੰ ਕੁਝ ਚਿਰ ਲਈ ਫੇਰ ਸੁਖ ਦਾ ਸਾਹ ਮਿਲਿਆ। ਹਕੂਮਤ ਦੀ ਨੀਤੀ ਅਨੁਸਾਰ ਹਾਕਮਾਂ ਵਲੋਂ ਹਰ ਤਰਾਂ ਦੀਆਂ ਸਖਤੀਆਂ ਬੰਦ ਹੋ ਗਈਆਂ। ਸਭ ਖੁਲ ਹੋ ਗਈ। ਸਰਕਾਰੀ ਨੌਕਰੀਆਂ ਵੀ ਮਿਲਨ ਲਗ ਪਈਆਂ। ਹਕੂਮਤ ਵਲੋਂ ਟਕੇ ਮਿਲਨ ਲਗ ਪਏ। ਕਈਆਂ ਨੇ ਸਰਕਾਰੀ ਫੌਜ ਵਿਚ ਨੌਕਰੀਆਂ ਕਰ ਲਈਆਂ। ਬਹੁਤ ਸਾਰੇ ਦੀਵਾਨ ਕੌੜਾ ਮਲ ਨੇ ਆਪਣੀ ਸੈਨਾ ਵਿਚ ਭਰਤੀ ਕਰ ਲਏ। ਕਈ ਆਪਣੇ ਪਿੰਡੀਂ ਜਾ ਵਸੇ। ਸਿੰਘ ਕਾਸ਼ਤਕਾਰ ਨੂੰ ਹੁਣ ਕੋਈ ਤੰਗ ਨਹੀਂ ਸੀ ਕਰਦਾ।

---

ਰਾਮਗੜ੍ਹੀਆ ਕਈਆਂ ਸਿੰਘਾਂ ਸਣੇ ਖਾਲਸੇ ਵਲੋਂ ਅਦੀਨਾ ਬੇਗ ਪਾਸ ਗਏ। ਹੋਰ ਇਤਿਹਾਸਕਾਰ ਇਸ ਤੋਂ ਬਹੁਤ ਪਹਿਲਾਂ ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਨੂੰ ਅਦੀਨਾ ਬੇਗ ਪਾਸ ਦਸਦੇ ਹਨ, ਪਰ ਕੰਨਿਘਮ ਦੀ ਲਿਖਤ ਤੋਂ ਇਹ ਚਾਨਣਾ ਤਾਂ ਜ਼ਰੂਰ ਪੈਂਦਾ ਹੈ, ਜੁ ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਖਾਲਸਾ ਜੀ ਦੀ ਮਰਜ਼ੀ ਨਾਲ ਅਦੀਨਾ ਬੇਗ ਪਾਸ ਰਹਿੰਦੇ ਸਨ। ਵੇਖੋ ਸਿਖ ਹਿਸਟਰੀ ਕੰਨਿਘਮ ਸਫਾ ੯੫।

ਬਖਤ ਮਲ ਆਖਦਾ ਹੈ, ਬੁਧ ਸਿੰਘ ਅਰੋੜਾ ਆਖਦਾ, ਅਦੀਨਾ ਬੇਗ ਦੀ ਸਿੰਘਾਂ ਨਾਲ ਗੰਢ ਸੀ।

ਮੈਲਕਮ ਸਿੰਘਾਂ ਦੀ ਸ਼ੋਰਸ਼ ਦਾ ਕਾਰਣ ਹੀ ਅਦੀਨਾ ਬੇਗ ਦਾ ਅੰਦਰੋਂ ਇਨ੍ਹਾਂ ਨਾਲ ਰਲੇ ਹੋਏ ਹੋਣਾ ਦਸਦਾ ਹੈ। ਅਲੀਉਦੀਨ ਭੀ ਏਹੋ ਜ਼ਾਹਰ ਕਰਦਾ ਹੈ।

ਅੱਗੇ ਵੇਖੋ ਸਫਾ (੩੪) ਦੇ ਥੱਲੇ

ਸਿੰਘਾਂ ਦਾ ਹਰ ਥਾਂ ਲਿਹਾਜ਼ ਹੋਣ ਲਗ ਪਿਆ। ਸਿੰਘਾਂ ਦੀ ਗਿਣਤੀ ਹੁਣ ਫੇਰ ਵਧਣੀ ਸ਼ੁਰੂ ਹੋਈ ਤੇ ਵੇਖਦਿਆਂ ਵੇਖਦਿਆਂ ਖਾਲਸਾ ਮੁੜ ਹਜ਼ਾਰਾਂ ਦੀ ਤਦਾਦ ਵਿਚ ਦਿਸਣ ਲਗ ਪਿਆ।

ਸਿੰਘਾਂ ਦੇ ਏਸ ਤਰਾਂ ਰਹਿਣ ਨਾਲ ਹਕੂਮਤ ਨੂੰ ਵੀ ਕਾਫੀ ਫੈਦਾ ਪੁੱਜਾ, ਲੋਕ ਅਰਾਮ ਨਾਲ ਵਣਜ ਵਪਾਰ ਕਰਨ ਲਗੇ। ਵਾਹੀਆਂ ਹੋਣ ਲਗ ਪਈਆਂ। ਫਸਲਾਂ ਪੱਕੀਆਂ ਤੇ ਮਾਮਲੇ ਦੀ ਉਗਰਾਹੀ ਨਾਲ ਹਕੂਮਤ ਦੇ ਖਜ਼ਾਨੇ ਵੀ ਭਰਪੂਰ ਹੋ ਗਏ। ਮੁਲਖ ਵਿਚ ਖੁਸ਼ਹਾਲੀ ਜਾਗ ਪਈ।

ਪਰ ਨਵਾਬ ਮੀਰ ਮਨੂੰ ਬੜਾ ਸ਼ਕੀ ਆਦਮੀ ਸੀ। ਉਸ ਦੇ ਮਨ ਚੋਂ ਸਿੰਘਾਂ ਦਾ ਡਬਕਾ ਨਹੀਂ ਸੀ ਗਿਆ। ਉਹ ਅੰਦਰੋਂ ਸਿੰਘਾਂ ਦਾ ਵਸਾਹ ਨਹੀਂ ਸੀ ਕਰਦਾ, ਤੇ ਏਸ ਕਰਕੇ ਉਹ ਚੁਪ ਚਾਪ ਕਿਸੇ ਤਿਆਰੀ ਵਿਚ ਰੁੱਝਾ ਹੋਇਆ ਸੀ, ਇਹ ਤਿਆਰੀ

---

ਰਾਮ ਰੌਣੀ ਦੇ ਮਹਾਸਰੇ ਨੂੰ ਜੇ ਰਤਾ ਗਹੁ ਨਾਲ ਪ੍ਰਾਚੀਨ ਪੰਥ ਪ੍ਰਕਾਸ਼ ਦੀ ਹੀ ਰੌਸ਼ਨੀ ਵਿਚ ਵਾਚਿਆ ਜਾਵੇ ਤਾਂ ਇਹ ਗਲ ਵੀ ਲੁਕੀ ਨਹੀਂ ਰਹਿੰਦੀ, ਜੁ ਸਰਦਾਰ ਜੱਸਾ ਸਿਘ ਜੀ ਰਾਮਗੜ੍ਹੀਆ ਦਾ ਰਾਮ ਰੌਣੀ ਦੇ ਅੰਦਰ ਚਲੇ ਜਾਣ ਵਿਚ ਵੀ ਅਦੀਨਾ ਬੇਗ ਦਾ ਕੁਝ ਕੁ ਹਥ ਸੀ। ਨਹੀਂ ਤੇ ਉਨ੍ਹ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਹਿਸਾਬ ਕਿਤਾਬ ਕਿਦਾਂ ਝਟ ਪਟ ਮੁਕਾ ਦਿਤਾ। ਉਹ ਇਞਾਣਾ ਸੀ ਉਹ ਨਹੀਂ ਸਮਝਦਾ ਸੀ ਕੀ ਗਲ ਹੈ? ਅਦੀਨਾ ਬੇਗ ਆਪਣੇ ਸਮੇਂ ਦਾ ਬੜਾ ਚਲਦਾ ਪੁਰਜ਼ਾ ਤੇ ਚਲਾਕ ਬੰਦਾ ਸੀ। ਰਤਨ ਸਿੰਘ ਭੰਗੂ ਲਿਖਦਾ ਹੈ, ਜੱਸਾ ਸਿੰਘ ਬੇਗ ਦੀਨੰ ਕਹਯੋ॥ ਹਮਰੋ ਹਿਸਾਬ ਅਵੈ ਕਰ ਦਿਓ॥ ਇਸ ਤੋਂ ਕੀ ਗਲ ਉਘੜਦੀ ਹੈ ? ਅਗੇ ਚਲਕੇ

ਅੱਗੇ ਵੇਖੋ ਸਫਾ (੩੫) ਦੇ ਥੱਲੇ

ਇਕ ਘੋੜ ਚੜ੍ਹਿਆਂ ਦੀ ਫੌਜ ਦੀ ਸੀ। ਨਾਦਾਰ ਦੇ ਮਰਨ ਬਾਦ ਉਸ ਦੀਆਂ ਫੌਜਾਂ ਟੁਟਣ ਕਰਕੇ ਮਧ ਏਸ਼ੀਆ ਦੇ ਕਈ ਤੁਰਕ, ਉਸ ਦੀ ਆਪਣੀ ਨਸਲ ਦੇ ਤੁਰਨੀ ਜਵਾਨ, ਇਨ੍ਹੀ ਦਿਨੀ ਪੰਬਾਜ ਵਿਚ ਨੌਕਰੀ ਲਈ ਇਧਰ ਉਧਰ ਫਿਰ ਰਹੇ ਸਨ। ਜਿਨ੍ਹਾਂ ਨੂੰ ਉਹ ਇਨ੍ਹਾਂ ਘੋੜ ਚੜ੍ਹਿਆਂ ਦੀ ਸੇਨਾ ਵਿਚ ਭਰਤੀ ਕਰ ਰਿਹਾ ਸੀ। ਤੇ ਖਿਆਲ ਕਰਦਾ ਸੀ, ਜਦ ਕਦੀ ਸਿੰਘ ਸਿਰ ਚੁਕਣਗੇ, ਇਹ ਫੌਜ ਇਨ੍ਹਾਂ ਦੇ ਪਿਛੇ ਲਾ ਦਿਆਂਗਾ। ਇਸ ਸੈਨਾ ਕੋਲ ਹਲਕੀਆਂ ਤੋਪਾਂ ਸਨ, ਜੋ ਨਸਦਿਆਂ ਭਜਦਿਆਂ ਦੂਰ ਤਕ ਮਾਰ ਕਰ ਦੀਆਂ ਸਨ, ਏਸ ਕਰਕੇ ਇਸ ਨੂੰ ਤੋਪਚੀ ਫੋਜ ਆਖਦੇ ਸਨ।

ਸਿੰਘ ਵੀ ਇਹ ਸਭ ਕੁਝ ਤਾੜ ਰਹੇ ਸਨ। ਅਵੇਸਲੇ ਨਹੀਂ ਸਨ ਬੈਠੇ, ਪਰ ਉਹ ਸੋਚਦੇ ਸਨ, ਜਿਨਾਂ ਚਿਰ ਐਦਾਂ ਲੰਘ ਜਾਏ ਉਨਾਂ ਹੀ ਸਹੀ।

---

ਜਦ ਦੀਵਾਨ ਕੌੜਾ ਮਲ ਦੀ ਮੀਰ ਮੰਨੂ ਨਾਲ ਰਾਮ ਰੌਣੀ ਦਾ ਘੇਰਾ ਚੁਕਣ ਦੀ ਗਲ ਤੁਰਦੀ ਹੈ, ਤਾਂ ਅਦੀਨਾ ਬੇਗ ਰਤਨ ਸਿੰਘ ਭੰਗੂ ਦੇ ਕਹਿਣ ਅਨੁਸਾਰ ਘੇਰਾ ਚੁਕਣ ਦੇ ਹਕ ਵਿਚ ਹੈ। "ਤਬ ਕੌੜਾ ਮਲ ਬਾਤ ਬਣਾਈ। ਸਿੰਘਨ ਲਈਦੇ ਸਾਬ ਰਲਾਈ॥ ਦੀਨਾ ਬੇਗ ਵੀ ਸ਼ਾਹਦੀ ਪੂਰੀ,,।

ਇਨ੍ਹਾਂ ਸਾਰੀਆਂ ਗੱਲਾਂ ਤੋਂ ਸਪਸ਼ਟ ਹੈ, ਜੋ ਖਾਲਸੇ ਦਾ ਅਤੇ ਅਦੀਨਾ ਬੇਗ ਦਾ ਆਪੋ ਵਿਚ ਕੀ ਸਬੰਧ ਸੀ, ਅਤੇ ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਇਸ ਸਬੰਧ ਵਿਚ ਕੀ ਕੰਮ ਕਰ ਰਿਹਾ ਸੀ।

ਅੱਗੇ ਵੇਖੋ ਸਫਾ (੩੬) ਦੇ ਥੱਲੇ

# ਐਹਮਦ ਸ਼ਾਹ ਅਬਦਾਲੀ ਦਾ ਦੂਸਰਾ ਹਮਲਾ

ਖਾਲਸੇ ਨੂੰ ਜਗੀਰ ਲਗੀ ਨੂੰ ਵਰ੍ਹਾ ਹੋਣ ਲੱਗਾ ਸੀ, ਸਿੰਘ ਕੁਝ ਸੁਸਤੀ ਸੁਸਤੀ ਮਹਿਸੂਸ ਕਰਨ ਲਗੇ ਸਨ। ਅਸਲ ਵਿਚ ਉਹ ਇਸ ਵਿਹਲੀ ਤੇ ਅਰਾਮ ਦੀ ਜ਼ਿੰਦਗੀ ਤੋਂ ਥਕ ਗਏ ਲਗਦੇ ਸਨ, ਤੇ ਖਿਆਲ ਕਰਨ ਲਗ ਪਏ ਸਨ, ਜੇ ਅਸੀਂ ਇਸੇ ਤਰਾਂ ਚੁਪ ਚਾਪ ਹਥ ਤੇ ਹਥ ਧਰ ਕੇ ਜਗੀਰ ਦੇ ਟਕਿਆਂ ਉਪਰ ਬੈਠੇ ਰਹੇ ਤਾਂ ਸਾਡਾ ਪਿਛਲਾ ਕੀਤਾ ਕਰਾਇਆ ਸਭ ਨਿਸਫਲ ਹੋ ਜਾਵੇਗਾ। ਏਧਰ ਮੀਰ ਮੰਨੂੰ ਆਪਣੀ ਤੋਪਚੀ ਫੌਜ ਦੀ ਦਬਾ-ਦਬ ਸਖਲਾਈ ਤੇ ਮਸ਼ਕ ਕਰਾ ਰਿਹਾ ਸੀ। ਸਿੰਘ ਇਹ ਵੀ ਨਹੀਂ ਸੀ ਭੁਲ ਰਹੇ, ਨਾਲੇ ਜਿਹੜੇ ਦੇਸ਼ ਦੇ ਨਵੇਂ ਗਭਰੂ ਸਿੰਘ ਸਜ ਰਹੇ ਸਨ, ਉਹ ਕੁਝ ਕਰਨ ਨੂੰ ਅੰਮ੍ਰਿਤ ਛਕ ਰਹੇ ਸਨ, ਵਿਹਲੇ ਬੈਣ ਨੂੰ ਨਹੀਂ

---

ਇਸ ਸਮੇਂ ਦਾ ਪ੍ਰਸਿਧ ਇਤਿਹਾਸਕਾਰ ਡਾਕਟਰ ਹਰੀ ਰਾਮ ਗੁਪਤਾ ਆਪ ਨੂੰ ਖਾਲਸੇ ਦਾ ਵਕੀਲ ਦਸਦਾ ਹੈ। ਬਾਬਾ ਪ੍ਰੇਮ ਸਿੰਘ ਹੋਤੀ ਵੀ ਵਕੀਲ ਹੀ ਲਿਖਦਾ ਹੈ। ਗਿਆਨੀ ਗਿਆਨ ਸਿੰਘ ਆਪ ਅਗੇ ਆਕੇ ਮਿਸਲਾਂ ਦੇ ਜ਼ਿਕਰ ਵਿਚ ਅਦੀਨਾ ਬੇਗ ਪਾਸ ਸਿੰਘਾਂ ਵਲੋਂ ਵਕੀਲ ਲਿਖ ਗਿਆ ਹੈ।

ਪ੍ਰੋਫੈਸਰ ਗੰਡਾ ਸਿੰਘ ਆਖਦਾ ਹੈ। ਰਾਮ ਰੌਣੀ ਦੇ ਘੇਰੇ ਤੋਂ ਕੋਈ ਦੋ ਤਿਨ ਮਹੀਨੇ ਪਹਿਲਾਂ ਸਿੰਘਾਂ ਦਾ ਅਦੀਨਾ ਬੇਗ ਸਬੰਧੀ ਆਪਸ ਵਿਚ ਕੁਝ ਮਤ ਭੇਦ ਹੋ ਗਿਆ ਸੀ। ਉਹ ਇਸ ਤਰਾਂ ਜਦ ਮੀਰ ਮੰਨੂੰ ਨੇ ਸਿੰਘਾਂ ਤੇ ਸਖਤੀ ਅਰੰਭ ਕੀਤੀ ਤਾਂ ਅਦੀਨਾ ਬੇਗ ਸਿੰਘਾਂ ਨੂੰ ਤਬਾਹ ਕਰਨ ਤੇ ਲਾਇਆ ਗਿਆ। ਅਦੀਨਾ ਬੇਗ ਨੇ ਇਸ ਮਾਮਲੇ ਸਬੰਧੀ ਸਲਾਹ ਕਰਨ ਲਈ ਖਾਲਸੇ ਨੂੰ ਇਕ ਦੋ ਸੁਹੇਨੇ ਭੇਜੇ, ਪਰ ਜੱਸਾ ਸਿੰਘ ਆਹਲੂਵਾਲੀਆ ਅਦੀਨਾ ਬੇਗ ਉਪਰ ਕੁਝ ਬੇਤਿਬਾਰਾ ਹੋਇਆ ਹੋਇਆ ਸੀ। ਸੋ ਉਹ ਮਨਿਆ ਨਾ।

ਅੱਗੇ ਵੇਖੋ ਸਫ਼ਾ (੩੭) ਦੇ ਥੱਲੇ

ਐਦਾਂ ਸਿੰਘ ਕੁਝ ਬੇ-ਚੈਨ ਅਤੇ ਕਾਹਲੇ ਪਏ ਹੋਏ ਲਗਦੇ ਸਨ।

ਅੱਧ ਦਸੰਬਰ ਸੰਨ ੧੭੪੯ ਨੂੰ ਐਹਮਦ ਸ਼ਾਹ ਅਬਦਾਲੀ ਹਿੰਦ ਤੇ ਫੇਰ ਚੜ੍ਹ ਆਇਆ। ਸਾਰੇ ਮੁਲਕ ਵਿਚ ਡਰ ਛਾ ਗਿਆ। ਉਹ ਮੰਜ਼ਲਾਂ ਮਾਰਦਾ ਝਨਾਂ ਦੇ ਖੱਬੇ ਕੰਢੇ ਤੇ ਆ ਉਤਰਿਆ। ਮੀਰ ਮੰਨੂੰ ਨੇ ਜਾਂ ਇਹ ਸੁਣਿਆ, ਉਹ ਵੀ ਆਪਣੀਆਂ ਫੌਜਾਂ ਸਣੇ ਬੜੀ ਤੇਜ਼ੀ ਨਾਲ ਵਜ਼ੀਰਾਬਾਦ ਵਲ ਨੂੰ ਤੁਰ ਪਿਆ, ਅਤੇ ਵਜ਼ੀਰਾਬਾਦ ਤੋਂ ਚਾਰ-ਕੁ ਮੀਲ ਪੂਰਬ ਨੂੰ, ਸੋਹਦਰੇ ਲਾਗੇ ਜਾ ਬੈਠਾ।

ਐਹਮਦ ਸ਼ਾਹ ਅਬਦਾਲੀ ਨੇ ਮੀਰ ਮੰਨੂੰ ਨੂੰ ਚਿੱਠੀ ਲਿਖੀ, ਨਾਦਰ ਸ਼ਾਹ ਦੇ ਵੇਲੇ ਦੇ ਜਿਹੜੇ ਚਾਰ ਮਹੱਲ ਸਿਆਲ ਕੋਟ

---

ਇਸ ਨਾਲ ਸਿਖ ਸਰਦਾਰਾਂਦਾ ਕੁਝ ਆਪੋ ਵਿਚ ਇਖਤਲਾਫ ਹੋ ਗਿਆ, ਜਿਸ ਦੇ ਨਤੀਜੇ ਦੇ ਤੌਰ ਤੇ ਕਈ ਸਰਦਾਰ ਅਦੀਨਾ ਬੇਗ ਪਾਸ ਚਲੇ ਗਏ। ਇਸ ਸਮੇਂ ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਆਪਣੇ ਤਿਨਾਂ ਭਰਾਵਾਂ ਸਣੇ ਅਦੀਨਾ ਬੇਗ ਪਾਸ ਗਿਆ। (ਮਹਾਰਾਜਾ ਕੌੜਾ ਮਲ ਬਹਾਦਰ) ਇਸ ਵੇਲੇ ਦੇ ਪ੍ਰਸਿਧ ਇਤਿਹਾਸ-ਕਾਰ ਪ੍ਰੋਫੈਸਰ ਗੰਡਾ ਸਿੰਘ ਦਾ ਇਹ ਬਿਆਨ ਦੋਹਾਂ ਪੰਥ ਪ੍ਰਕਾਸ਼ਾਂ ਦੀ ਮਨ ਘੜਤ ਕਹਾਣੀ ਉਪਰ ਲੀਕ ਫੇਰ ਦਿੰਦਾ ਹੈ।

ਇਸ ਗਲ ਤੋਂ ਚਾਨਣਾ ਪੈਂਦਾ ਹੈ। ਜੁ ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਭਾਵੇਂ ਕਦੋਂ ਵੀ ਅਦੀਨਾ ਬੇਗ ਪਾਸ ਗਏ। ਨਾ ਕਦੇ ਪੰਥ ਨਾਲੋਂ ਟੁਟਕੇ ਗਏ, ਨਾ ਕਿਸੇ ਕਢੇ, ਬਤੌਰ ਇਕ ਸਿਖ ਰਾਜ-ਨੀਤਕ ਦੇ ਗਏ ਤੇ ਇਸ ਖਿਆਲ ਨਾਲ ਗਏ ਜੁ ਹਕੂਮਤ ਨੂੰ ਅੰਦਰੋਂ ਅਤੇ ਬਾਹਰੋਂ ਦੋਹਾਂ ਪਾਸਿਆਂ ਤੋਂ ਸਟ ਮਾਰੀ ਜਾਏ, ਤੇ ਉਹ ਆਖਰ ਰਾਮ ਰੌਣੀ ਦੇ ਘੇਰੇ ਤੇ ਆਪਣੀ ਨੀਤੀ ਵਿਚ ਪੂਰੇ ਸਫਲ ਹੋਏ।

ਨਾਰੰਗ ਲਿਖਦਾ ਹੈ:—

He had never betrayed the Sikhs

ਗੁਜਰਾਤ, ਉਰੰਗਾ ਬਾਦ ਤੇ ਪਸਰੂਰ ਹਨ, ਹੁਣ ਉਨ੍ਹਾਂ ਦਾ ਮਾਲਕ ਮੈਂ ਹਾਂ। ਇਸ ਲਈ ਉਨ੍ਹਾਂ ਦਾ ਸਾਲਾਨਾ ਮਾਮਲਾ ਮੇਰੇ ਹਵਾਲੇ ਕਰੋ।

ਮੀਰ ਮੱਨੂੰ ਨੇ ਇਹ ਚਿੱਠੀ ਅਤੇ ਨਾਲੇ ਮਦਦ ਲਈ ਬਾਦਸ਼ਾਹ ਨੂੰ ਅਰਜ਼ੀ ਦਿੱਲੀ ਭੇਜ ਦਿਤੀ, ਪਰ ਉਸਦੀ ਹੈਰਾਨੀ ਦੀ ਹਦ ਨਾ ਰਹੀ, ਜਦ ਦਿੱਲੀ ਵਲੋਂ ਉੱਤਰ ਆ ਗਿਆ, ਜੁ ਮਾਮਲਾ ਦੁਰਾਨੀ ਨੂੰ ਦੇ ਦਿਓ।

ਮੀਰ ਮੱਨੂੰ ਨੇ ਆਪਣੀਆਂ ਫੌਜਾਂ ਵਲ ਵੇਖਿਆ ਉਹ ਦੁਰਾਨੀਆਂ ਦੇ ਮੁਕਾਬਲੇ ਤੇ ਉਹਨੂੰ ਕਮਜ਼ੋਰ ਭਾਸੀਆ, ਸੋ ਉਸਨੇ ਲਾਚਾਰ ਐਹਮਦ ਸ਼ਾਹ ਨੂੰ ੧੪ ਲਖ ਰੁਪਿਆ ਦੇ ਕੇ ਜਾਨ ਛਡਾਈ।

ਐਹਮਦ ਸ਼ਾਹ ਅਬਦਾਲੀ ਵੀ ਇਹ ਰਕਮ ਲੈਕੇ ਕੰਧਾਰ ਨੂੰ ਮੁੜ ਗਿਆ। ਕਹਿੰਦੇ ਹਨ ਦੁਰਾਨੀ ਨੇ ਇਹ ਚੜ੍ਹਾਈ ਸਿਰਫ ਮੀਰ ਮੰਨੂੰ ਦੀ ਸੈਨਕ ਤਾਕਤ ਵੇਖਣ ਲਈ ਹੀ ਕੀਤੀ ਸੀ, ਜੁ ਮਾਨੂ ਪੁਰ ਦਾ ਵਜਈ ਕਿਨੇ-ਕੁ ਪਾਣੀ ਵਿਚ ਹੈ।

ਅਬਦਾਲੀ ਦਾ ਝਨਾਂ ਤਕ ਆਉਣਾ ਤੇ ਮੱਨੂੰਦਾ ਲਾਹੌਰੋਂ ਗੈਰ ਹਾਜ਼ਰ ਹੋਣਾ, ਹੁਣ ਸਿੰਘਾਂ ਨੂੰ ਚੁਪ ਕਰਕੇ ਬਿਠਾ ਨਾ ਸਕਿਆ। ਸਿੰਘਾਂ ਨੇ ਇਸ ਸਮੇਂ ਲਾਹੌਰ ਲੁਟ ਲਿਆ। ਅਤੇ ਸ਼ਹਿਰ ਦੇ ਬਾਹਰ ਦੇ ਹਿੱਸੇ ਫੂਕ ਦਿਤੇ।

ਜਾਂ ਮੀਰ ਮੱਨੂੰ ਐਹਮਦ ਸ਼ਾਹ ਤੋਂ ਵੇਹਿਲਾ ਹੋਕੇ ਵਾਪਸ ਲਾਹੌਰ ਆਇਆ ਤੇ ਉਸਨੇ ਰਾਜ-ਧਾਨੀ ਦਾ ਇਹ ਹਾਲ ਡਿੱਠਾ ਤਾਂ ਉਸ ਨੂੰ ਅਗ ਲਗ ਗਈ। ਉਸ ਨੇ ਖਾਲਸੇ ਦੀ ਜਗੀਰ ਜ਼ਬਤ ਕਰ ਲਈ, ਰੋਜ਼ੀਨੇ ਬੰਦ ਕਰ ਦਿਤੇ, ਅਤੇ ਮੁੜ ਸਖਤੀ ਅਰੰਭ ਕੀਤੀ। ਤੋਪਚੀ ਫੌਜਾਂ ਸਿੰਘਾਂ ਮਗਰ ਲਗ ਗਈਆ।

ਇਹ ਹਾਲ ਅਠ ਨੌ ਮਹੀਨੇ ਰਿਹਾ। ਸਤੰਬਰ ਵਿਚ ਹਕੂਮਤ ਨੂੰ ਸਿੰਘਾਂ ਨਾਲ ਭਾਰੀ ਕੰਮ ਆ ਪਿਆ, ਜਿਸ ਨਾਲ ਫੇਰ ਕੁਝ ਦਿਨ ਠੰਡ ਠੰਡੋਰਾ ਹੋ ਗਿਆ।

# ਮੁਲਤਾਨ ਦੀ ਮਹਿੰਮ

ਸ਼ਾਹ ਨਵਾਜ਼ ਦਾ ਮੁਲਤਾਨ ਉਪਰ ਕਬਜ਼ਾ ਕਰ ਲੈਣ ਦਾ ਜ਼ਿਕਰ ਪਿਛੇ ਰਾਮ ਰੌਣੀ ਦੇ ਘੇਰੇ ਵਿਚ ਕੀਤਾ ਜਾ ਚੁਕਾ ਹੈ। ਇਸ ਗਲ ਨੇ ਮੀਰ ਮੱਨੂੰ ਨੂੰ ਬੜਾ ਫਿਕਰ ਲਾ ਛਡਿਆ ਸੀ। ਉਹ ਜਿਉਂ ਜਿਉਂ ਸੋਚਦਾ ਸੀ ਉਸ ਨੂੰ ਇਹ ਮਾਮਲਾ ਬੜਾ ਔਖਾ ਅਤੇ ਪਿਲਚਿਆ ਹੋਇਆ ਲਗਦਾ ਸੀ। ਮੁਲਤਾਨ ਦੇ ਹੱਥੋਂ ਜਾਣ ਨਾਲ ਉਸ ਦੀ ਤਾਕਤ ਲਾਜ਼ਮੀ ਤੌਰ ਤੇ ਅੱਧੀ ਹੋ ਜਾਂਦੀ ਸੀ। ਇਹ ਦਿੱਲੀਦੇ ਵਜ਼ੀਰ ਸਫਦਰਜੰਗ ਦੀ ਸ਼ਰਾਰਤ ਸੀ, ਉਸਦੀ ਸ਼ੈਹ ਨਾਲ ਸ਼ਾਹ ਨਵਾਜ਼ ਨੇ ਇਹ ਕੰਮ ਕੀਤਾ ਸੀ। ਸਫਦਰ ਜੰਗ ਦਿੱਲੀ ਦੀ ਹਕੂਮਤ ਵਿਚ ਤੁਰਾਨੀ ਧੜੇ ਦਾ ਬੜਾ ਵੈਰੀ ਸੀ, ਤੇ ਮੀਰ ਮੱਨੂੰ ਦਾ ਵਧ ਕੇ ਵਿਰੋਧੀ ਸੀ, ਕਿਉਂਕਿ ਮੱਨੂੰ ਇਸ ਧੜੇ ਦਾ ਨੌਜਵਾਨ ਲੀਡਰ ਸੀ।

ਜਦ ਤਕ ਮੀਰ ਮੱਨੂੰ ਦਾ ਪਿਤਾ ਵਜ਼ੀਰ ਕਮਰਉਦੀਨ ਜੀਉਂਦਾ ਰਿਹਾ, ਸਫਦਰ ਜੰਗ ਦੀ ਪੇਸ਼ ਨਾ ਚਲੀ, ਪਰ ਮਾਨੂੰ ਪੁਰ ਦੀ ਲੜਾਈ ਤੇ ਉਸ ਦੇ ਮਰ ਜਾਣ ਉਪਰੰਤ, ਇਹ ਦਿੱਲੀ ਦਾ ਵਡਾ ਵਜ਼ੀਰ ਬਣਿਆ, ਅਤੇ ਇਸ ਨੇ ਤੁਰਾਨੀ ਧੜੇ ਦੀ ਤਾਕਤ ਨੂੰ ਨਸ਼ਟ ਕਰ ਦੇਣ ਲਈ ਲਕ ਬਨ੍ਹ ਲਿਆ।

ਭਾਵੇਂ ਸ਼ਾਹਨਵਾਜ਼ ਵੀ ਤੁਰਾਨੀ ਅਤੇ ਸੁੰਨੀ ਸੀ, ਪਰ ਉਸ ਨੇ ਸਫਦਰ ਜੰਗ ਦੇ ਕਹਿਣ ਉਪਰ ਆਪਣਾ ਮਹਜ਼ਬ ਸ਼ਹੀਯਾ ਤਬਦੀਲ ਕਰ ਲਿਆ ਸੀ। ਇਸ ਕਰਕੇ ਇਸ ਨੇ ਬਾਦਸ਼ਾਹ ਕੋਲੋਂ ਮੁਲਤਾਨ ਦੀ ਨਵਾਬੀ ਦਾ ਇਸ ਨੂੰ ਪ੍ਵਾਨਾ ਲੈ ਦਿਤਾ ਸੀ।

ਅਬਦਾਲੀ ਦੇ ਵਾਪਸ ਚਲੇ ਜਾਣ ਦੇ ਬਾਦ ਸਤ ਅਠ ਮਹੀਨੇ ਮੀਰ ਮੱਨੂੰ ਮੁਲਤਾਨ ਦੀ ਮਹਿੰਮ ਉਪਰ ਵਿਚਾਰ ਕਰਦਾ ਰਿਹਾ, ਉਸ ਨੂੰ ਡਰ ਸੀ, ਜੁ ਕਿਧਰੇ ਸ਼ਾਹਨਵਾਜ਼ ਦੇ ਵੇਲੇ ਦੀਆਂ ਲਾਹੌਰ

ਦੀਆਂ ਫੌਜਾਂ ਲੜਾਈ ਸਮੇਂ ਉਸ ਨਾਲ ਨਾ ਰਲ ਜਾਣ। ਮੁਲਤਾਨ ਵਿਚ ਵੀ ਸ਼ਾਹ ਨਵਾਜ਼ ਦੀ ਤਾਕਤ ਕਾਫੀ ਸੁਣੀ ਦੀ ਸੀ, ਕਿਉਂਕਿ ਉਹ ਆਪਣੇ ਬਾਪ ਦੇ ਸਮੇਂ ਤੋਂ ਮੁਲਤਾਨ ਦਾ ਸੂਬੇਦਾਰ ਚਲਿਆ ਆ ਰਿਹਾ ਸੀ, ਇਸ ਕਰਕੇ ਮਹਿੰਮ ਬੜੀ ਸਖਤ ਲਗਦੀ ਸੀ।

ਮੀਰ ਮੱਨੂੰ ਨੇ ਦੀਵਾਨ ਕੌੜਾ ਮਲ ਨਾਲ ਸਲਾਹ ਕੀਤੀ। ਕੌੜਾ ਮਲ ਨੇ ਨਵਾਬ ਨੂੰ ਹਰ ਤਰਾਂ ਤਸੱਲੀ ਦਿਤੀ, ਅਤੇ ਵਿਸ ਮਹਿੰਮ ਦੀ ਸਾਰੀ ਜ਼ੁਮੇਵਾਰੀ ਆਪਣੇ ਸਿਰ ਉਪਰ ਲਈ। ਪਿਛੇ ਦੱਸੇ ਅਨੁਸਾਰ ਇਸ ਸਮੇਂ ਹਕੂਮਤ ਅਤੇ ਸਿੰਘਾਂ ਦੀ ਮੁੜ ਸੁਲਾਹ ਹੋ ਗਈ। ਦੀਵਾਨ ਕੌੜਾ ਮਲ ਆਪ ਅੰਮ੍ਰਿਤਸਰ ਆਇਆ, ਅਤੇ ਦਸ ਹਜ਼ਾਰ ਸਿੰਘ ਮੁਲਤਾਨ ਲੈ ਗਿਆ, ਇਕ ਬੜੀ ਭਾਰੀ ਲੜਾਈ ਮਗਰੋਂ ਮੁਲਤਾਨ ਫਤਹ ਹੋਇਆ ਇਸ ਲੜਾਈ ਵਿਚ ਸ਼ਾਹ ਨਵਾਜ਼ § ਮਾਰਿਆ ਗਿਆ, ਅਤੇ ਮੀਰ ਮੱਨੂੰ ਵਲੋਂ ਦੀਵਾਨ ਕੌੜਾ ਮਲ ਨੂੰ ਮਹਾਰਾਜਾ ਕੌੜਾ ਮਲ ਬਹਾਦਰ ਦੀ ਉੱਚ ਪਦਵੀ ਮਿਲੀ, ਨਾਲੇ ਮੁਲਤਾਨ ਦੀ ਸੂਬੇਦਾਰੀ ਦੇਕੇ ਮਾਣ ਵਧਾਇਆ ਗਿਆ।

ਇਸ ਲੜਾਈ ਤੇ ਸ: ਜੱਸਾ ਸਿੰਘ ਜੀ ਰਾਮਗੜ੍ਹੀਆ ਨਹੀਂ ਸੀ ਗਏ। ਪ੍ਰੋ: ਗੰਡਾ ਸਿੰਘ ਦੀ ਲਿਖਤ * ਅਨੁਸਾਰ ਆਪ ਇਨ੍ਹੀ ਦਿਨੀ ਬੀਮਾਰ ਸਨ। ਇਹ ਸਮਾਚਾਰ ਸਤੰਬਰ ੧੭੫੦ ਦਾ ਹੈ।

---

§ ਇਸ ਦਾ ਭਰਾ ਯਾਹਯਾ ਖਾਂ ਜਦ ਇਸ ਦੀ ਕੈਦ ਚੋਂ ਲਾਹੌਰੋਂ ਭਜਕੇ ਦਿੱਲੀ ਚਲਾ ਗਿਆ ਸੀ, ਉਹ ਫਕੀਰ ਹੋ ਗਿਆ ਸੀ, ਉਹ ਯਾਹਯਾ ਸ਼ਾਹ ਦਰਵੇਸ਼ ਦੇ ਨਾਮ ਨਾਲ ਪ੍ਰਸਿਧ ਹੋਇਆ, ਤੇ ਫਰੁਖ਼ਾ ਬਾਦ ਮਰਿਆ। ਪ੍ਰੋ: ਗੰਡਾ ਸਿੰਘ

* ਕੌੜਾ ਮਲ ਬਹਾਦਰ -ਪ੍ਰੋ: ਗੰਡਾ ਸਿੰਘ ਸਫਾ (੭੭)

# ਅਬਦਾਲੀ ਦਾ ਤੀਸਰਾ ਹਮਲਾ

ਮੁਲਤਾਨ ਫਤਹ ਕਰਕੇ ਸਿੰਘ ਅੰਮ੍ਰਿਤਸਰ ਮੁੜ ਆਏ। ਦੀਵਾਨ ਕੌੜਾ ਮਲ ਮੁਲਤਾਨ ਦੇ ਪ੍ਰਬੰਧ ਵਿਚ ਰੁਝ ਗਿਆ। ਮੀਰ ਮੰਨੂੰ ਹੁਣ ਅੰਦਰਲੇ ਵੈਰੀ ਤੋਂ ਸਦਾ ਲਈ, ਅਤੇ ਬਾਹਰਲੇ ਤੋਂ ਕੁਝ ਚਿਰ ਲਈ ਸੁਰਖਰੂ ਹੋ ਗਿਆ। ਹੁਣ ਜੇ ਉਸ ਦੀ ਨਜ਼ਰ ਵਿਚ ਕੋਈ ਖਤਰਨਾਕ ਅਨਸਰ ਦੇਸ਼ ਵਿਚ ਮੌਜੂਦ ਸੀ, ਤਾਂ ਉਹ ਕੇਵਲ ਸਿੰਘ ਸਨ। ਇਸ ਗਲ ਦਾ ਉਸ ਨੂੰ ਪੂਰਾ ਵਿਸ਼ਵਾਸ਼ ਸੀ, ਜੁ ਸਿੰਘ ਜਗੀਰ ਦੇ ਟਕਿਆਂ ਤੇ ਕਦੇ ਨਹੀਂ ਟਿਕ ਸਕਦੇ, ਤੇ ਜੇ ਇਹ ਕੁਝ ਚਿਰ ਲਈ ਚੁਪ ਹਨ, ਤਾ ਸਿਰਫ ਆਪਣੀ ਤਾਕਤ ਵਧਾਉਣ ਲਈ ਵਕਤ ਕੱਟ ਰਹੇ ਹਨ। ਸੋ ਉਸ ਨੇ ਦੋ ਤਿਨ ਮਹੀਨੇ ਚੁਪ ਰਹਿਕੇ ਸਿੰਘਾਂ ਤੇ ਫੇਰ ਸਖਤੀ ਅਰੰਭ ਕਰ ਦਿਤੀ। ਨੰਬਰ ਦਾਰਾਂ, ਚੌਧਰੀਆਂ ਤੇ ਫੌਜਦਾਰਾਂ ਨੂੰ ਸਿੰਘਾਂ ਦੇ ਫੜਨ ਲਈ ਫੇਰ ਹੁਕਮ ਜਾਰੀ ਕੀਤੇ ਗਏ। ਤੋਪਚੀ ਸੈਨਾਂ ਫੇਰ ਸਿੰਘਾਂ ਦੇ ਪਿਛੇ ਪੈ ਗਈਆਂ, ਸਿੰਘਾਂ ਅਤੇ ਤੁਰਕਾਂ ਦੇ ਨਿਤ ਮੁਕਾਬਲੇ ਹੋਣ ਲਗੇ। ਇਹ ਸਿਲਸਿਲਾ ਇਕ ਸਾਲ ਤਕ ਚਲਦਾ ਰਿਹਾ। ਸਿੰਘਾਂ ਨੇ ਵਿਚਲਾ ਦੇਸ਼ ਛਡ ਦਿਤਾ।

ਜਾਂ ਐਦਾਂ ਹੋ ਰਿਹਾ ਸੀ, ਸਨ ੧੭੫੧ ਦੇ ਅਖੀਰ ਵਿਚ ਐਹਮਦ ਸ਼ਾਹ ਅਬਦਾਲੀ ਤੀਜੀ ਵਾਰ ਪੰਜਾਬ ਤੇ ਚੜ੍ਹ ਆਇਆ। ਨਵਾਬ ਮੀਰ ਮੰਨੂੰ ਨੂੰ ਹੁਣ ਫ਼ੇਰ ਆਪਣੀ ਹਕੂਮਤ ਦੀ ਪੈ ਗਈ। ਉਸਨੇ ਸਿੰਘਾਂ ਵਲੋਂ ਇਕ ਦਮ ਸਾਰਾ ਧਿਆਨ ਹਟਾ ਕੇ ਦੁਰਾਨੀ ਨੂੰ ਰੋਕਣ ਦੀ ਤਿਆਰੀ ਸ਼ੁਰੂ ਕੀਤੀ। ਸਿੰਘ ਮੁੜ ਮਾਝੇ ਅਤੇ ਰਿਆੜਕੀ ਵਿਚ ਆ ਨਿਕਲੇ।

ਐਹਮਦ ਸ਼ਾਹ ਅਬਦਾਲੀ ਦੇ ਧਾਵੇ ਦੀਆਂ ਖਬਰਾਂ ਸੁਣਕੇ ਸਾਰੇ ਦੇਸ਼ ਵਿਚ ਰੌਲਾ ਪੈ ਗਿਆ। ਲੋਕ ਸ਼ਹਿਰ ਗਰਾਂ ਛਡ ਛਡਕੇ ਪਹਾੜਾਂ ਨੂੰ ਨਸ ਤੁਰੇ। ਲਾਹੌਰ ਦੇ ਧਨਾਢ ਲੋਕਾਂ ਨੇ ਜਮੂੰ ਅਤੇ ਦਿੱਲੀ ਨੂੰ ਆਪਣੇ ਬਚਾ ਦੀ ਜਗਾ ਸਮਝਕੇ ਚਾੱਲੇ ਪਾ ਲਏ। ਏਥੋਂ ਤਕ ਕਿ ਨਵਾਬ ਮੀਰ ਮੱਨੂੰ ਨੇ ਵੀ ਆਪਣੇ ਟੱਬਰ ਟੋਰ ਅਤੇ ਖਜ਼ਾਨੇ ਨੂੰ ਰਾਜਾ ਰੰਜੀਤ ਦੇਵ ਪਾਸ ਜਮੂੰ ਭੇਜ ਦਿਤਾ। ਅਬਦਾਲੀ ਦਾ ਇਹ ਹਮਲਾ ਵੀ ਚਾਰ ਮਾਹਲ ਦੇ ਮਾਮਲੇ ਸਬੰਧੀ ਸੀ। ਕਿਉਂਕਿ ਮੀਰ ਮੱਨੂੰ ਨੇ ਪਿਛਲੇ ਹਮਲੇ ਵੇਲੇ ਹੋਈ ਗਲ ਅਨੁਸਾਰ ਬੀਤੇ ਸਾਲਾਂ ਦਾ ਮਾਮਲਾ ਨਹੀਂ ਸੀ ਤਾਰਿਆ।

ਐਹਮਦ ਸ਼ਾਹ ਨੇ ਚੜ੍ਹੇ ਆਉਂਦਿਆਂ, ਅਗਲ ਵਾਂਢੀ ਆਪਣੇ ਵਕੀਲ ਹਾਰੂੰ ਖਾਂ ਨੂੰ ਮੀਰ ਮੱਨੂੰ ਪਾਸ ਲਾਹੌਰ ਭੇਜਿਆ, ਜੁ ਪਿਛਲੀ ਰਕਮ ਨਬੇੜ ਕੇ ਮੱਨੂੰ ਕਿਸੇ ਫੈਸਲੇ ਤੇ ਪੁਜ ਜਾਏ। ੨੦ ਅਕਤੂਬਰ ਨੂੰ ਹਾਰੂੰ ਖਾਂ ਲਾਹੌਰ ਪੁਜ ਗਿਆ। ਪਰ ਕੋਈ ਨਬੇੜਾ ਨਾ ਹੋਇਆ। ੨੪ ਨਵੰਬਰ ਨੂੰ ਦੀਵਾਨ ਕੌੜਾ ਮਲ ਮੁਲਤਾਨ ਤੋਂ ਫੌਜਾਂ ਨਾਲ ਲਾਹੌਰ ਆ ਪੁਜਾ, ਜਿਸ ਨਾਲ ਮੀਰਮੱਨੂੰ ਦਾ ਹੌਂਸਲਾ ਵਧ ਗਿਆ।

੧ ਦਸੰਬਰ ਨੂੰ ਦੁਰਾਨੀ ਪਿਸ਼ਾਵਰ ਸੀ, ਉਸਨੇ ਏਥੋਂ ਅਗੇ ਆਕੇ ਮੀਰ ਮੱਨੂੰ ਨੂੰ ਫੇਰ ਚਿੱਠੀ ਲਿਖੀ, ਜਿਸ ਵਿਚ ਕਿਹਾ ਜੁ ਮੈਂ ਤੇਰੀ ਵਲੋਂ ਸੁਲਾਹ ਨਾਮੇ ਦੀ ਉਲੰਘਣਾ ਕਰਣ ਦੇ ਕਾਰਨ ਆਇਆ, ਹਾਂ, ਜੇ ਤੂੰ ੨੪ ਲਖ ਰੁਪਿਆ ਚਾਰ ਮਾਹਲ ਦਾ ਪਿਛਲਾ ਰਹਿੰਦਾ ਤਾਰ ਦੇਵੇਂ ਤਾਂ ਮੈਂ ਐਥੋਂ ਮੁੜ ਜਾਂਦਾ ਹਾਂ।

ਮੀਰ ਮੱਨੂੰ ਨੇ ਜਵਾਬ ਵਿਚ ਲਿਖ ਭੇਜਿਆ, ਪਿਛਲੇ ਦੋ ਮਾਮਲਾ ਚਾਰ ਮਾਹਲ ਦਾ ਪੁਰਾਣਾ ਨਾਜ਼ਮ [illegible]

ਲੈਕੇ ਭੱਜ ਗਿਆ ਹੈ। ਮੈਂ ਇਕ ਸਾਲ ਦਾ ਦੇ ਸਕਦਾਂ ਹਾਂ। ਉਹ ਭੀ ਜੇ ਆਪ ਪਿਛੇ ਪਰਤ ਜਾਵੇ ਤਾਂ ਕਿਉਂਕਿ ਆਪ ਦੀ ਆਮਦ ਦੀਆਂ ਖਬਰਾਂ ਸੁਣ ਕੇ ਇਲਾਕੇ ਦੇ ਕਾਸ਼ਤਕਾਰ ਅਤੇ ਜ਼ਿਮੀਂਦਾਰ ਡਰਦੇ ਮਾਰੇ ਭਜ ਗਏ ਹਨ। ਪਰ ਐਹਮਦ ਸ਼ਾਹ ਕਿਥੇ ਮੁੜਨ ਵਾਲਾ ਸੀ। ਪ੍ਰੋਫ਼ੈਸਰ ਗੰਡਾ ਸਿੰਘ ਲਿਖਦਾ ਹੈ "੧੧ ਦਸੰਬਰ ਨੂੰ ਮੀਰ ਮੰਨੂੰ ਨੇ ਦਰਵੇਸ਼ਾਂ, ਪੀਰ ਜ਼ਾਦਿਆਂ ਅਤੇ ਬਜ਼ੁਰਗਾਂ ਦਿਆਂ ਮਜ਼ਾਰਾਂ ਦੀ ਜ਼ਿਆਰਤ ਕੀਤੀ ਤੇ ਨਜ਼ਰ ਭੇਟਾ ਕੀਤੀਆਂ ਤੇ ਦੂਸਰੇ ਦਿਨ ਤੁਰਨ ਵੇਲੇ ਇਕ ਹਾਥੀ, ਇਕ ਘੋੜਾ ਇਕ ਮਝ ਖੈਰਾਤ ਕੀਤੀ ਅਤੇ ਲਾਹੌਰੋਂ ਲੜਾਈ ਲਈ ਤਿਆਰ ਹੋ ਕੇ ਸ਼ਾਹਦਰੇ ਡੇਰਾ ਕੀਤਾ।'

ਐਹਮਦ ਸ਼ਾਹ ਜਦ ਅਟਕ ਦੇ ਕੰਢੇ ਤੇ ਪੁਜਾ ਤਾਂ ਮੀਰ ਮੱਨੂੰ ਨੇ ਉਹਨੂੰ ਨੌ ਲਖ ਰੁਪਿਆ ਭੇਜ ਦਿਤਾ। ਉਸ ਨੇ ਰੁਪਿਆ ਵੀ ਲੈ ਲਿਆ ਅਤੇ ਸੈਨਾ ਸਣੇ ਮਾਰੋ ਮਾਰ ਕਰਦਾ ਅਗੇ ਵੀ ਵਧਦਾ ਚਲਿਆ ਆਇਆ।

ਹਕੂਮਤ ਨੂੰ ਹੁਣ ਫੇਰ ਸਿੰਘਾਂ ਦੀ ਮਦਦ ਦੀ ਲੋੜ ਪਈ। ਦੀਵਾਨ ਕੌੜਾ ਮਲ ਦੀ ਰਾਹੀਂ ਮੀਰ ਮੰਨੂੰ ਨੇ ਸਿੰਘਾਂ ਨੂੰ ਪੜੋਲ ਕਠੂਹੇ ਦਾ ਇਲਾਕਾ ਅਤੇ ਪਹਾੜ ਦੀ ਉਗਰਾਹੀ ਦਾ ਬਚਨ ਦੇ ਕੇ ਸਹਾਇਤਾ ਲਈ ਸਦ ਘਲਿਆ।

ਇਹ ਮਨਜ਼ੂਰ ਕਰਕੇ ਸਿੰਘਾਂ ਨੇ ਲਾਹੌਰ ਨੂੰ ਚਾਲੇ ਪਾਏ ਅਤੇ ਅੰਮ੍ਰਤਸਰੋਂ ਕੂਚ ਕਰਕੇ ਦੀਵਾਨ ਕੌੜਾ ਮਲ ਨੂੰ ਵਣੀਏਕੇ ਦੇ ਕੋਲ ਆ ਮਿਲੇ। ਪਰ ਇਥੇ ਆ ਕੇ ਸਿੰਘ ਆਪੋ ਵਿਚ ਹੀ ਲੜ ਪਏ। ਰਤਨ ਸਿੰਘ ਭੰਗੂ ਲਿਖਦਾ ਹੈ। ਸ: ਹਰੀ ਸਿੰਘ ਭੰਗੀ ਨੇ ਸ: ਖੁਸ਼ਹਾਲ ਰਾਮ ਗੜੀਏ ਕੱਕੜ ਨੂੰ ਦਰ੍ਰੋ ਨਾਲ ਮਾਰ ਦਿਤਾ। ਇਹ ਗਨ

ਨੇ ਸਾਰੇ ਦਲ ਖਾਲਸਾ ਵਿਚ ਜੋਸ਼ ਚਾੜ ਦਿਤਾ, ਵੀਹ ਹਜ਼ਾਰ ਸਿੰਘ ਭੰਗੀਆਂ ਦੇ ਜਥੇ ਤੇ ਜਾ ਪਿਆ। ਭੰਗੀਆਂ ਦਾ ਡੇਰਾ ਲੁਟ ਲਿਆ ਗਿਆ। ਭੰਗੀਆਂ ਦਾ ਦਸ ਹਜ਼ਾਰ ਦਾ ਜਥਾ ਮਾਰ ਖਾ ਕੇ ਪਿਛਾਂ ਨੂੰ ਮੁੜ ਗਿਆ।

ਲਾਹੌਰ ਪੁਜ ਕੇ ਸਿੰਘਾਂ ਦੇ ਕੁਝ ਜਥੇ ਯੱਕੀ ਦਰਵਾਜ਼ੇ ਅਤੇ ਕੁਝ ਸ਼ਾਲਾ ਮਾਰ ਦੇ ਮੋਰਚਿਆਂ ਵਿਚ ਕੈਮ ਹੋਏ।

ਇਕ ਦਿਨ ਤੀਜੇ ਪਹਿਰ ਦੀ ਗਲ ਹੈ ਸ: ਸੁਖਾ ਸਿੰਘ ਮਾੜੀ ਕੰਬੋ ਵਾਲਾ ਥੋੜੇ ਜਹੇ ਸਿੰਘਾਂ ਨਾਲ ਰਾਵੀ ਲੰਘ ਕੇ ਦੁਰਾਨੀਆਂ ਦੀ ਸੈਨਾਂ ਵਿਚ ਜਾ ਵੜਿਆ, ਜਿਸ ਨਾਲ ਪਠਾਣਾਂ ਦੀ ਸੈਨਾਂ ਵਿਚ ਹਫੜਾ ਤਫੜੀ ਮਚ ਗਈ। ਐਹਮਦ ਸ਼ਾਹ ਆਪ ਤਿੰਨ ਦਸਤੇ ਘੋੜ ਚੜਿਆਂ ਦੇ ਲੈਕੇ ਅਗੇ ਵਧਿਆ ਅਤੇ ਇਕ ਕਰੜੀ ਲੜਾਈ ਮਗਰੋਂ ਅਦੁਤੀ ਵਰਿਆਮ ਸਰਦਾਰ ਸੁਖਾ ਸਿੰਘ ਸ਼ਹੀਦੀ ਪਾ ਗਿਆ।

ਜਾਂ ਸ: ਸੁਖਾ ਸਿੰਘ ਦੇ ਜਥੇ ਦੇ ਸਿੰਘ ਦੁਰਾਨੀ ਨਾਲ ਲੜ ਕੇ ਵਾਪਸ ਆਪਣੇ ਆਪਣੇ ਮੋਰਚਿਆਂ ਨੂੰ ਯਕੀ ਦਰਵਾਜ਼ੇ ਵਲ ਮੁੜੇ ਤਾਂ ਲਾਹੌਰ ਦੀ ਤੁਰਕ ਸੈਨਾਂ ਨੇ ਤੋਪਾਂ ਦਾਗ਼ ਦਿਤੀਆਂ ਜਿਸ ਨਾਲ ਸਿੰਘਾਂ ਦਾ ਬੜਾ ਨੁਕਸਾਨ ਹੋਇਆ। ਇਸ ਗਲ ਨੇ ਮੱਨੂੰ ਦੀ ਮਦਦ ਵਲੋਂ ਸਿੰਘਾਂ ਦਾ ਦਿਲ ਤੋੜ ਦਿਤਾ ਤੇ ਯੱਕੀ ਦਰਵਾਜ਼ੇ ਵਾਲੇ ਸਾਰੇ ਜਥੇ ਲਾਹੌਰ ਛਡ ਕੇ ਰਾਤੋ ਰਾਤ ਮਾਝੇ ਨੂੰ ਚਲੇ ਗਏ। ਸਿਰਫ਼ ਸ਼ਾਲਾ ਮਾਰ ਦੇ ਮੋਰਚਿਆਂ ਵਾਲੇ ਹੀ ਸਿੰਘ ਪਿਛੇ ਰਹਿ ਗਏ। ਜੋ ਅਖੀਰ ਮਹਿ-ਮੂਦ ਬੂਟੀ ਦੀ ਲੜਾਈ ਤਕ ਡਟੇ ਰਹੇ।

ਆਖਦੇ ਹਨ ਐਹਮਦ ਸ਼ਾਹ ਇਕ ਲੰਮਾਂ ਚਕਰ ਕਟ ਕੇ ਰਾਵੀ ਪਾਰ ਕਰ ਆਇਆ ਸੀ ਇਸ ਲਈ ਜੰਗ ਦਾ ਮੈਦਾਨ ਸ਼ਾਲਾ ਮਾਰ ਲਾਗੇ ਪਿੰਡ ਮਹਿਮੂਦ ਬੂਟੀ ਬਣਿਆ।

ਤਿੰਨ ਚਾਰ ਮਹੀਨੇ ਫੌਜਾਂ ਆਮੋ ਸਾਹਮਣੀ ਮੋਰਚਿਆਂ ਵਿਚ ਬੈਠੀਆਂ ਲੜਦੀਆਂ ਰਹੀਆਂ। ਇਤਿਹਾਸ ਦਸਦਾ ਹੈ ੨੦-੩੦ ਕੋਹ ਲਾਹੌਰ ਦੇ ਲਾਂਭ ਚਾਂਭ ਕਿਤੇ ਰਾਤ ਨੂੰ ਦੀਵਾ ਨਹੀਂ ਸੀ ਬਲਦਾ। ਸਾਰਾ ਦੇਸ਼ ਦੁਰਾਨੀਆਂ ਨੇ ਉਜਾੜ ਪੁਜਾੜ ਛਡਿਆ ਸੀ।

੬ ਮਾਰਚ ੧੭੫੨ ਨੂੰ ਅੰਤ ਕਈ ਛੋਟੀਆਂ ਛੋਟੀਆਂ ਲੜਾਈਆਂ ਪਿਛੋਂ ਮਹਿਮੂਦ ਬੂਟੀ ਦੀ ਪ੍ਰਸਿਧ ਲੜਾਈ ਹੋਈ। ਜਿਸ ਵਿਚ ਮਹਾਰਾਜਾ ਕੌੜਾ ਮਲ ਸ਼ਹੀਦ ਹੋ ਗਿਆ, ਅਤੇ ਮੀਰ ਮੰਨੂੰ ਨੇ ਹਾਰ ਖਾ ਕੇ ਐਹਮਦ ਸ਼ਾਹ ਦੁਰਾਨੀ ਦੀ ਈਨ ਮੰਨ ਲਈ। ਇਸ ਲੜਾਈ ਤੋਂ ਬਾਦ ਮੁਗ਼ਲਾਂ ਪਾਸੋਂ ਪੰਜਾਬ ਜਾਂਦਾ ਰਿਹਾ। ਕਾਬਲ ਦੇ ਮਹਿਤੈਤ ਹੋਕੇ ਮੀਰ ਮੰਨੂੰ ਫੇਰ ਸਿੰਘ ਦੇ ਪਿਛੇ ਪੈ ਗਿਆ। ਅਤੇ ਹੁਣ ਉਸ ਨੇ ਸਾਰੀ ਤਾਕਤ ਸਿੰਘਾਂ ਨੂੰ ਨਸ਼ਟ ਕਰਨ ਵਲ ਲਾ ਦਿਤੀ। ਇਸ ਸਮੇਂ ਜੋ ਜੋ ਜ਼ੁਲਮ ਮੀਰ-ਨੂੰ ਨੇ ਸਿੰਘਾਂ ਤੇ ਢਾਹੇ ਉਹ ਪਿਛਲੀਆਂ ਸਾਰੀਆਂ ਸਖਤੀਆਂ ਤੋ ਬਾਜ਼ੀ ਲੈ ਗਏ।

ਇਨੀ ਦਿਨੀ ਦਲ ਖਾਲਸਾ ਦੁਆਬੇ ਵਿਚ ਆ ਵੜਿਆ ਅਤੇ ਸਾਰਾ ਦੁਆਬਾ ਉਗਰਾਹ ਲਿਆ। ਅਦੀਨਾ ਬੇਗ ਅਜੇ ਦੁਰਾਨੀ ਦੇ ਹਮਲੇ ਦੇ ਵੇਲੇ ਦਾ ਗਿਆ ਹੋਇਆ ਲਾਹੌਰ ਹੀ ਬੈਠਾ ਸੀ ਉਸਨੂੰ ਹੁਣ ਫੇਰ ਮੀਰ ਮੰਨੂੰ ਨੇ ਸਿੰਘਾਂ ਦਾ ਪਿਛਾ ਕਰਨ ਤੇ ਨੀਯਤ ਕੀਤਾ। ਅਦੀਨਾ ਬੇਗ ਬਹੁਤ ਸਾਰੀ ਫੌਜ ਲੈ ਕੇ ਮਾਖੋਵਾਲ ਦੇ ਕੋਲ

ਇਕ ਦਿਨ ਸਿੰਘਾਂ ਤੇ ਆ ਪਿਆ । ਇਕ ਤਗੜੀ ਲੜਾਈ ਮਗਰੋਂ ਉਸ ਨੇ ਫੇਰ ਗੁਪਤ ਤੌਰ ਤੇ ਸਿੰਘਾਂ ਨਾਲ ਮਿਤ੍ਰਤਾ ਕੈਮ ਕਰ ਲਈ । ਆਪਸ ਵਿਚ ਕਈ ਸ਼ਰਤਾਂ ਤੈਹ ਹੋਈਆਂ । ਕਨਿੰਘਮ ਲਿਖਦਾ ਹੈ । ਇਸ ਸਮੇਂ ਕਈ ਸਿੰਘ ਅਦੀਨਾ ਬੇਗ ਨੇ ਨੇ ਦੁਆਬੇ ਵਿਚ ਅਪਨੇ ਪਾਸ ਰਖੇ । ਖਾਲਸੇ ਨੇ ਆਪਣੇ ਵਲੋਂ ਫਿਰ ਸਰਦਾਰ ਜੱਸਾ ਸਿੰਘ ਜੀ ਰਾਮ ਗੜ੍ਹੀਆ ਨੂੰ ਉਸ ਪਾਸ ਭੇਜਿਆ । ਸਰਦਾਰ ਨੇ ਆਪਣੇ ਪਿਛਲੇ ਇਲਾਕੇ ਤੇ ਮੁੜ ਕਬਜ਼ਾ ਕਰ ਲਿਆ । ਸਿੰਘਾਂ ਲਈ ਦੁਆਬੇ ਵਿਚ ਫੇਰ ਟਕਾਣਾ ਬਣ ਗਿਆ ।

---

ਨੋਟ–ਸ: ਖੁਸ਼ਹਾਲ ਸਿੰਘ ਕਕੜ ਰਾਮਗੜੀਆ ਜਿਹੜਾ ਪਿਛੇ ਸ: ਹਰੀ ਸਿੰਘ ਭੰਗੀ ਨੇ ਦਗੇ ਨਾਲ ਮਾਰ ਦਿਤਾ ਦਸਿਆ, ਹੈ, ਇਹ ਸ੍ਰਦਾਰ ਜੱਸਾ ਸਿੰਘ ਜੀ ਰਾਮ ਗੜ੍ਹੀਆ ਦਾ ਭਰਾ ਖੁਸ਼ਹਾਲ ਸਿੰਘ ਨਹੀਂ ਸੀ, ਇਹ ਰਾਮਗੜੀਆ ਜਥੇ ਦਾ ਇਕ ਹੋਰ ਛੋਟਾ ਸਰਦਾਰ ਸੀ ।

# ਮੀਰ ਮੰਨੂੰ ਦੀ ਮੌਤ, ਮੁਗ਼ਲਾਣੀ ਬੇਗਮ ਦਾ ਰਾਜ ਰਾਮ ਗੜ੍ਹ ਦੀ ਉਸਾਰੀ, ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਦਾ ਲਾਹੌਰ ਤੇ ਹੱਲਾ

ਮੀਰਮਨੂੰ ਸਿੰਘਾਂ ਨੂੰ ਮਕੌਂਦਾ ਮਕੌਂਦਾ ਆਪ ਹੀ ਮੁਕ ਗਿਆ। ੩ ਨਵੰਬਰ ੧੭੫੩ ਨੂੰ ਲਾਹੌਰ ਤੋਂ ਅਠ ਕੋਹ ਰਾਵੀ ਕੰਢੇ ਪਿੰਡ ਤਿਲਕ ਪੁਰ ਵਿਚ ਉਸ ਦੀ ਮੌਤ ਹੋ ਗਈ। ਆਖਦੇ ਹਨ ਉਸ ਨੂੰ ਕਿਸੇ ਨੇ ਜ਼ਹਿਰ ਦੇ ਦਿਤਾ। ਪੰਜਾਬ ਦੇ ਇਸ ਕਰੜੇ ਹਾਕਮ ਦੇ ਮਰਦਿਆਂ ਹੀ ਦੇਸ ਵਿਚ ਰਾਜ ਰੌਲਾ ਪੈ ਗਿਆ।

ਐਹਮਦ ਸ਼ਾਹ ਅਬਦਾਲੀ ਨੇ ਇਸ ਦੇ ਤਿੰਨ ਸਾਲਾਂ ਦੇ ਬਚੇ ਮਹਮੰਦ ਅਮੀਨ ਖਾਂਨ ਨੂੰ ਲਾਹੌਰ ਦੀ ਸੂਬੇਦਾਰੀ ਦੀ ਸਨਦ ਭੇਜੀ ਤੇ ਮੋਮਨ ਖਾਂ ਨੂੰ ਇਸ ਬਾਲਕ ਦਾ ਇਮਦਾਦੀ ਨੀਯਤ ਕੀਤਾ। ਪਰ ਮਈ ਸੰਨ ੧੭੫੪ ਵਿਚ ਬਾਲਕ ਮਹਮਦ ਅਮੀਨ ਵੀ ਕਿਸੇ ਦੇ ਦਿਤੇ ਜ਼ਹਿਰ ਨਾਲ ਮਰ ਗਿਆ। ਹੁਣ ਦਿਲੀ ਵਾਲਿਆਂ ਨੇ ਫੇਰ ਪੰਜਾਬ ਵਿਚ ਦਖ਼ਲ ਦਿਤਾ ਤੇ ਦੂਜੇ ਆਲਮਗੀਰ ਬਾਦਸ਼ਾਹ ਨੇ ੨੫ ਅਕਤੂਬਰ ਨੂੰ ਮੋਮਨ ਖਾਂ ਨੂੰ ਲਾਹੌਰ ਦੀ ਹਕੂਮਤ ਦਿਤੀ। ਪਰ ਮੀਰ ਮਨੂੰ ਦੀ ਬੇਗ਼ਮ ਮਗਲਾਣੀ ਬੇਗਮ ਨੇ ਮੋਮਨ ਖਾਂ ਦੀ ਕੋਈ ਪੇਸ਼ ਨ ਚਲਣ ਦਿਤੀ ਅਤੇ ਉਸ ਨੇ ਲਾਹੌਰ ਦੀ ਹਕੂਮਤ ਦੀ ਵਾਗ ਡੋਰ ਆਪਣੇ ਹਥ ਵਿਚ ਸੰਭਾਲ ਲਈ।

ਮੁਗ਼ਲਾਣੀ ਬੇਗਮ ਇਕ ਚਤਰ ਅਤੇ ਸਿਆਣੀ ਔਰਤ ਸੀ, ਪਰ ਇਸ ਦੇ ਭੈੜੇ ਅਚਾਰਨ ਦੀ ਸ਼ੋਹਰਤ ਨੇ ਲਾਹੌਰ ਵਿ

ਤੁਰਕ ਸਰਦਾਰਾਂ ਦਾ ਜੀ ਇਸ ਵਲੋਂ ਖਟਾ ਕਰ ਦਿਤਾ ਸੀ। ਇਸ ਨੇ ਆਪਣੇ ਮਹਿਲਾਂ ਦੇ ਤਿੰਨ ਖੁਸਰੇ ਐਡੇ ਮੋਤਬਰ ਬਣਾ ਲਏ ਸਨ ਜੁ ਹਰ ਮਾਮਲੇ ਵਿਚ ਇਨ੍ਹਾਂ ਦਾ ਹਥ ਹੁੰਦਾ ਸੀ। ਸਾਰਾ ਲਾਹੌਰ ਇਨ੍ਹਾਂ ਖੁਸਰਿਆਂ ਤੋਂ ਭੈ ਖਾਂਦਾ ਸੀ। ਇਨ੍ਹਾਂ ਦੇ ਹਥੋਂ ਹੀ ਮੁਗ਼ਲਾਣੀ ਬੇਗਮ ਨੇ ਮਸ਼ਹੂਰ ਤੁਰਕ ਜਰਨੈਲ ਭਖਾਰੀ ਖਾਂ ਨੂੰ ਉਸ ਦੇ ਸਿਰ ਚੁਕਣ ਦੇ ਦੋਸ਼ ਵਿਚ ਆਪਣੇ ਮਹਿਲਾਂ ਵਿਚ ਸਦ ਕੇ ਜੁਤੀਆਂ ਤੇ ਡੰਡਿਆਂ ਨਾਲ ਮਰਵਾ ਦਿਤਾ ਸੀ।

ਆਖਰ ਲਾਹੌਰ ਦੇ ਅਮੀਰਾਂ ਨੇ ਤੰਗ ਆਕੇ ਖਵਾਜਾ ਮਿਰਜ਼ਾ ਨੂੰ ਲਾਹੌਰ ਉਪਰ ਕਬਜ਼ਾ ਕਰ ਲੈਣ ਲਈ ਸਦਿਆ। ਖ੍ਵਾਜੇ ਨੇ ਲਾਹੌਰ ਤੇ ਕਬਜ਼ਾ ਤਾਂ ਕਰ ਲਿਆ, ਪਰ ਮੁਗ਼ਲਾਣੀ ਬੇਗ਼ਮ ਨੇ ਆਪਣੇ ਮਾਮੇ ਮਿਰਜ਼ੇ ਅਬਦੁਲਾ ਨੂੰ ਐਹਮਦ ਸ਼ਾਹ ਪਾਸ ਭੇਜ ਕੇ, ਉਸਦੀ ਸਹਾਇਤਾ ਨਾਲ ਫੇਰ ਲਾਹੌਰ ਦੀ ਨਵਾਬੀ ਲੈ ਲਈ। ਹੁਣ ਅਬਦੁਲਾ ਨੇ ਮੁਗ਼ਲਾਣੀ ਬੇਗਮ ਨੂੰ ਉਸਦੀ ਮਾਂ ਦੀ ਹਵੇਲੀ ਵਿਚ ਬੰਦ ਕਰਕੇ ਆਪ ਲਾਹੌਰ ਸਾਂਭ ਲਿਆ।

ਇਹ ਸਾਰੇ ਸਮਾਂਚਾਰ ਦੁਆਬੇ ਵਿਚ ਬੈਠਾ ਅਦੀਨਾ ਬੇਗ ਦੇਖ ਰਿਹਾ ਸੀ। ਇਸ ਸਮੇਂ ਉਹ ਮੌਕਾ ਤਾੜਕੇ ਲਾਹੌਰ ਤੇ ਚੜ੍ਹ ਆਇਆ ਤੇ ਉਸ ਨੇ ਮਿਰਜ਼ਾ ਅਬਦੁਲਾ ਨੂੰ ਕਢ ਕੇ ਲਾਹੌਰ ਤੇ ਸਿਕਾ ਜਮਾਂ ਲਿਆ। ਪਰ ਮੁਗ਼ਲਾਣੀ ਬੇਗ਼ਮ ਨੇ ਫੇਰ ਅਬਦਾਲੀ ਦੀ ਮਦਦ ਹਾਸਲ ਕਰ ਲਈ, ਤੇ ਉਸ ਦੇ ਸੈਨਾਪਤੀ ਜਹਾਨ ਖਾਨ ਦੀਆਂ ਫੌਜਾਂ ਨਾਲ ਅਦੀਨਾ ਬੇਗ ਖਾਨ ਦੇ ਨਾਇਬ ਸਦੀਕ ਬੇਗ ਨੂੰ ਸਰਹੰਦ ਵਲ ਭਜਾ ਦਿਤਾ।

ਹਰੀ ਰਾਮ ਆਖਦਾ ਹੈ ਕਿ ਇਹਨੀਂ ਦਿਨੀ ਸਰਦਾਰ ਜੱਸਾ ਸਿੰਘ ਜੀ ਰਾਮ ਗੜ੍ਹੀਆ ਨੇ ਮੁੜਕੇ ਕਿਲੀ ਰਾਮ ਰੌਣੀ ਦੀ ਉਸਾਰੀ ਕੀਤੀ ਅਤੇ ਇਸ ਨੂੰ ਵਡਾ ਕਰਕੇ ਇਸ ਦਾ ਨਾਮ ਕਿਲਾ ਰਾਮ ਰ ੜ੍ਹ ਰਖਿਆ।

ਇਤਿਹਾਸ ਦਸਦਾ ਹੈ ਕਿ ਇਸ ਸਮੇਂ ਸਰਦਾਰ ਜੱਸਾ ਸਿੰਘ ਜੀ ਰਾਮ ਗੜ੍ਹੀਆ ਨੇ ਲਾਹੌਰ ਤੇ ਹਮਲਾ ਕੀਤਾ ਅਤੇ ਉਸ ਦਾ ਆਲਾ ਦੁਆਲਾ ਲੁਟ ਲਿਆ। ਇਸ ਸਮੇਂ ਦਾ ਜ਼ਿਕਰ ਕਰਦਾ ਹੋਇਆ ਡਾਕਟਰ ਗੁਪਤਾ ਤੈਹਮਸ ਖਾਂ ਮਸਕੀਨ ਦੇ ਅਧਾਰ ਤੇ ਇਕ ਬੜੀ ਦਿਲਚਸਪ ਗਲ ਲਿਖਦਾ ਹੈ। ਕਹਿੰਦਾ ਮਾਰਚ ੧੭੫੪ ਦੀ ਗਲ ਹੈ ਰਾਮ ਗੜ੍ਹ 'ਚੋਂ ਸਿੰਘਾਂ ਦਾ ਦਲ ਨਿਕਲ ਕੇ ਲਾਹੌਰ ਤਕ ਮਾਰੋ ਮਾਰ ਕਰਦਾ ਜਾ ਪੁਜਾ ਅਤੇ ਇਨ੍ਹਾਂ ਮੁੜਦੀ ਵਾਰੀ ਕਾਸਮ ਖਾਂ ਪਟੀ ਦੇ ਫੌਜਦਾਰ ਨੂੰ ਸ਼ਕਸਤ ਦੇ ਕੇ ਉਸ ਨੂ ਇਸ ਗਲ ਲਈ ਮਜਬੂਰ ਕਰ ਦਿਤਾ ਜੁ ਉਹ ਅਠ ਹਜ਼ਾਰ ਸਿੰਘ ਆਪਣੀ ਫੌਜ ਵਿਚ ਭਰਤੀ ਕਰੇ। ਆਖਦੇ ਹਨ ਫਸਿਆ ਹੋਇਆ ਕਾਸਮ ਖਾਂ ਇਹ ਗਲ ਮੰਨ ਗਿਆ। ਜਦ ਅਠ ਹਜ਼ਾਰ ਸਿੰਘ ਉਸਦੀ ਫੌਜ ਵਿਚ ਭਰਤੀ ਹੋਕੇ ਹਥਿਆਰਾਂ ਨਾਲ ਹਰ ਤਰ੍ਹਾਂ ਲੈਸ ਹੋ ਗਿਆ ਤਾਂ ਅਠ ਹਜ਼ਾਰ ਦਾ ਅਠ ਹਜ਼ਾਰ ਮੁੜ ਕੇ ਖਾਲਸੇ ਦੇ ਦਲ ਵਿਚ ਆ ਮਿਲਿਆ।

ਹੁਣ ਮਾਰਚ ੧੭੫੬ ਨੂੰ ਦਿਲੀ ਦਾ ਵਜ਼ੀਰ ਇਮਾਦੁਲ ਮੁਲਕ ਲਾਹੌਰ ਤੇ ਚੜ੍ਹ ਆਇਆ। ਇਸ ਨੇ ਮੁਗ਼ਲਾਣੀ ਬੇਗਮ ਨੂੰ ਕੈਦ ਕਰ ਲਿਆ ਅਤੇ ਲਾਹੌਰ ਤੇ ਮੁਲਤਾਨ ਦੀ ਹਕੂਮਤ ਅਦੀਨਾ ਬੇਗ ਖਾਨ ਨੂੰ ਦਿਤੀ। ਇਹ ਵੇਖ ਕੇ ਮੁਗ਼ਲਾਣੀ ਬੇਗਮ ਦਾ ਮਾਮਾਂ ਫੇਰ ਅਹਿਮਦ ਸ਼ਾਹ ਅਬਦਾਲੀ ਪਾਸ [illegible] ਅਤੇ ਉਸ ਦੀਆਂ ਫੌਜਾਂ ਦੀ ਮਦਦ ਨਾਲ ਉਸ ਨੇ ਅਦੀਨਾ

ਦਾ ਲਾਹੌਰ 'ਚੋਂ ਫੇਰ ਤੋਹਤ ੇਠਾ ਦਿਤਾ। ਅਤੇ ਆਪ ਖਵਾਜਾ ਮਿਰਜ਼ਾ ਨੂੰ ਨਾਲ ਲੇਕੇ ਲਾਹੌ ਤੇ ਹਕੂਮਤ ਕਰਨ ਲਗਾ। ੩ ਨਵੰਬਰ ੧੭੫੩ ਤੋਂ ਲੇਕੇ ੪ ਅਕਤੂਬਰ ੧੭੫੬ ਤਕ ਲਾਹੌਰ ਦੇ ਤਖਤ ਤੇ ਕਈ ਹਾਕਮ ਆਏ ਅਤੇ ਕਈ ਗਏ। ਦੇਸ ਵਿਚ ਇਕ ਭਾਰੀ ਬਦ ਅਮਨੀ ਮਚੀ ਰਹੀ। ਇਹ ਸਮਾਂ ਸਿੰਘਾਂ ਨੇ ਅਣਮੁਲਾ ਲੱਭਾ। ਸਿੰਘਾਂ ਦੇ ਜਥਿਆਂ ਦੇ ਜਥੇ ਦੇਸ ਵਿਚ ਫਿਰ ਰਹੇ ਸਨ। ਸਿੰਘਾਂ ਦੀ ਤਾਕਤ ਇਨ੍ਹਾਂ ਤਿੰਨਾਂ ਸਾਲਾਂ ਵਿਚ ਐਤਨੀ ਵਧ ਗਈ ਸੀ ਕੁ ਪੰਜਾਬ ਦਾ ਕੋਈ ਹਾਕਮ ਇਨ੍ਹਾਂ ਅਗੇ ਹੁਣ ਅੜਨ ਦਾ ਹੀਆ ਨਹੀਂ ਸੀ ਰਖਦਾ ਹਰੀ ਰਾਮ ਗੁਪਤਾ ਕਹਿੰਦਾ ਹੈ ਇਨੀ ਦਿਨੀ ਮਾਰਚ ਤੋਂ ਲੈ ਕੇ ਅਧ ਅਪਰੈਲ ੧੭੫੫ ਵਿਚ ਅਦੀਨਾ ਬੇਗ ਖਾਂਨ ਨੇ ਆਪਣੀ ਅਤੇ ਸਿੰਘਾਂ ਦੀ ਇਕ ਬੜੀ ਭਾਰੀ ਫੌਜ ਨਾਲ ਸਤਲੁਜ ਦੇ ਕੰਡੇ ਕੁਤਬ ਖਾਂ ਰਹੇਲੇ ਨੂੰ ਹਾਰ ਦੇਕੇ ਮਾਰ ਦਿਤਾ ਅਤੇ ਸਰਹੰਦ ਉਪਰ ਆਪਣਾ ਕਬਜ਼ਾ ਕਰ ਲਿਆ।

ਸਿੰਘ ਏਥੋਂ ਅਗੇ ਰਾਜਾ ਮਾਧੋ ਸਿੰਘ ਦੀ ਰਿਆਸਤ ਜੈ ਪੁਰ ਵਿਚ ਜਾ ਵੜੇ। ਰਾਜੇ ਨੇ ਆਪਣੀ ਮਦਦ ਵਾਸਤੇ ਮਰਹਟੇ ਸਦ ਲਏ ਪਰ ਸਿੰਘਾਂ ਅਤੇ ਮਰਹਟਿਆਂ ਦੀ ਟੱਕਰ ਨਾਂ ਹੋਈ। ਸਿੰਘ ਪੰਜਾਬ ਨੂੰ ਮੁੜ ਆਏ।

ਸਿੰਘਾਂ ਨੇ ਦੇਸ਼ ਵਿਚ ਆਕੇ ਇਸ ਸਮੇਂ ਇਕ ਰਿਵਾਜ ਜਾਰੀ ਕੀਤਾ ਜਿਸ ਨੂੰ ਰਾਖੀ ਦਾ ਰਿਵਾਜ ਕਹਿੰਦੇ ਹਨ। ਉਹ ਇਹ ਸੀ ਕਿ ਜੋ ਸਿੰਘਾਂ ਦੀ ਰਖਵਾਲੀ ਥੱਲੇ ਪਿੰਡ ਗਿਰਾਂ ਇਲਾਕਾ ਆ ਜਾਏਗਾ ਉਸ ਦੀ ਹਰ ਤਰਾਂ ਰਖਿਯਾ ਕੀਤੀ ਜਾਵੇਗੀ।

ਹਰ ਲੁਟਣ ਵਾਲੇ ਤੋਂ ਉਹ ਲੋਕ ਬਚਾਏ ਜਾਣਗੇ। ਤੇ ਇਸ ਦੇ ਇਵਜ਼ ਵਿਚ ਉਹਨਾਂ ਨੂੰ ਕੇਵਲ ਸਾਲ ਵਿਚ ਦੋ ਵਾਰੀ ਫਸਲ

ਚੋਂ ਪੰਜਵਾਂ ਹਿੱਸਾ ਸਿੰਘਾਂ ਨੂੰ ਦੇਣਾ ਪਵੇਗਾ।

ਇਸ ਨਾਲ ਬਹੁਤ ਸਾਰਾ ਇਲਾਕਾ ਸਿੰਘਾਂ ਦੇ ਮਹਾਤਾਤ †ਹੋ ਗਿਆ, ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਨੇ ਪਹਿਲੀ ਵਾਰੀ ਇਸ ਸਮੇਂ ਰਿਆੜਕੀ ਤੇ ਕਬਜ਼ਾ ਕੀਤਾ। ਇਨੀ ਦਿਨੀ ਆਪ ਜੀ ਦਾ ਭਰਾ ਜੈ ਸਿੰਘ ਕਿਸੇ ਲੜਾਈ ਵਿਚ ਸ਼ਹੀਦੀ ਪਾਗਿਆ§

---

† ਹਿਸਟਰੀ ਆਫ ਦੀ ਸਿਖਸ—ਹਰੀ ਰਾਮ ਗੁਪਤਾ—ਸਫਾ ੯੫

§ ਚੀਫਜ਼ ਐਂਡ ਫੈਮਲੀਜ਼ ਆਫ ਨੋਟ—ਗਰਿਫਨ ਦੇ ਸ਼ਿਜਰੇ, ਸਰਦਾਰ ਜੈ ਸਿੰਘ ਦੀ ਮੌਤ ੧੭੫੬।

# ਤੈਮੂਰ ਸ਼ਾਹ ਦੀ ਬਾਦਸ਼ਾਹੀ
# ਜਹਾਨ ਖਾਨ ਦੀ ਅੱਤ
# ਸਰਦਾਰ ਜੱਸਾ ਸਿੰਘ ਰਾਮਗੜੀਆ ਨੇ ਪਠਾਣਾਂ ਤੋਂ ਦੁਆਬ ਸਾਫ਼ ਕਰਨਾ

ਸੰਨ ੧੭੫੬ ਨੂੰ ਐਹਮਦ ਸ਼ਾਹ ਨੇ ਹਿੰਦ ਤੇ ਚੌਥਾ ਹਮਲਾ ਕੀਤਾ। ਇਸ ਹਮਲੇ ਦਾ ਬਹੁਤਾ ਸੰਬੰਧ ਦਿਲੀ ਨਾਲ ਹੈ। ਕਹਿੰਦੇ ਹਨ, ਇਸ ਵਾਰ ਅਬਦਾਲੀ ਨੂੰ ਮੁਗ਼ਲਾਣੀ ਬੇਗ਼ਮ ਤੇ ਨਜੀਬਉਦੌਲਾ ਰਹੇਲੇ ਨੇ ਸਦਿਆ। ਇਸ ਹਮਲੇ ਵਿਚ ਐਹਮਦ ਸ਼ਾਹ ਨੇ ਜੋ ਦਿਲੀ ਦੀ ਯਖ਼ਣਾ ਪੁਟੀ ਉਸ ਦੀ ਨਜ਼ੀਰ ਇਤਿਹਾਸ ਵਿਚ ਨਹੀਂ ਮਿਲਦੀ। ਅਬਦਾਲੀ ਕੋਲੋਂ ਮਥਰਾ ਅਤੇ ਆਗਰਾ ਵੀ ਇਸ ਵਾਰ ਨਾਂ ਬਚ ਸਕੇ।। ਛੇਕੜ ਉਹ ਮਹੰਮਦ ਸ਼ਾਹ ਰੰਗੀਲੇ ਦੀ ਅਤਿ ਸੁੰਦਰ ਕੁੜੀ ਹਜ਼ਰਤ ਬੇਗ਼ਮ ਨਾਲ ਨਿਕਾਹ ਕਰਕੇ ਤੇ ਬੇਅੰਤ ਧਨ ਦੌਲਤ ਲੁਟ ਪੁਟ ਕੇ ਤੇ ਸੈਂਕੜੇ ਗੁਲਾਮ ਕੀਤੀਆਂ ਨਾਰਾਂ ਨੂੰ ਅਗੇ ਲਾਕੇ ੨ ਅਪਰੈਲ ਸੰਨ ੧੭੫੭ ਨੂੰ ਦਿਲੀਓਂ ਪਿਛਾਂ ਪਰਤਿਆ।

ਰਾਹ ਵਿਚ ਸਿੰਘਾਂ ਨੇ ਕਈ ਥਾਂਈਂ ਅਬਦਾਲੀ ਨੂੰ ਲੁਟ ਲਿਆ। ਪਰ ਉਹ ਲੁਟ ਦੇ ਮਾਲ ਨਾਲ ਲਦਿਆ ਹੋਇਆ ਇਨ੍ਹਾਂ ਦਾ ਪਿਛਾ ਨਾ ਕਰ ਸਕਿਆ। ਤੇ ਦਿਲ ਵਿਚ ਸੜਦਾ ਕੁੜਦਾ ਤੇ ਦੰਦੀਆਂ ਪੀਂਹਦਾ ਲਾਹੌਰ ਪੁਜਾ। ਲਾਹੌਰ ਆਉਣ ਤੇ ਉਸ ਨੂੰ ਆਪਣੇ ਦੇਸ ਵਲੋਂ ਕਝਕੁ ਬਗ਼ਾਵਤ ਦੀਆਂ ਸੋਆਂ ਪੁਜੀਆਂ। ਜਿਸ ਕਰਕੇ ਉਹ ਛੇਤੀ ਛੇਤੀ ਆਪਣੇ ਪੁਤ ਤੈਮੂਰ ਸ਼ਾਹ ਨੂੰ ਲਾਹੌਰ ਦੀ ਬਾਦਸ਼ਾਹੀ ਸੌਂਪ ਕੇ ਤੇ ਸੈਨਾਪਤੀ ਜਹਾਨ ਖਾਂਨ ਨੂੰ ਉਸ ਦਾ ਇਮਦਾਦੀ ਕਰਕੇ ਕੰਧਾਰ ਨੂੰ ਚਲਾ ਗਿਆ। ਜਹਾਨ ਖਾਂਨ ਨੇ ਲਾਹੌਰ

ਦਾ ਬੰਦੋਬਸਤ ਸੰਭਾਲਦਿਆਂ ਹੀ ਇਕ ਅੱਤ ਚੁਕ ਲਈ, ਅਤੇ ਅਬਦਾਲੀ ਦੀ ਤਗੀਦ ਅਨੁਸਾਰ ਸਿੰਘਾਂ ਨੂੰ ਨਸ਼ਟ ਕਰਨ ਤੇ ਲਕ ਬੰਨ੍ਹ ਲਿਆ।

ਅਬਦਾਲੀ ਕੁਝ ਦਿਨ ਲਾਹੌਰ ਰਹਿ ਕੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਬੇਅਦਬੀ ਕਰ ਗਿਆ ਸੀ। ਜਿਸ ਤੋਂ ਸਿੰਘਾਂ ਵਿਚ ਇਕ ਅੱਗ ਲਗੀ ਹੋਈ ਸੀ। ਹੁਣ ਜਦ ਜਹਾਨ ਖਾਂਨ ਨੇ ਫਤੂਰ ਚੁਕਿਆ ਤਾਂ ਸਿੰਘਾਂ ਅਤੇ ਪਠਾਣਾਂ ਦੀਆਂ ਕਈ ਥਾਂਈ ਲੜਾਈਆਂ ਹੋਈਆਂ। ਇਸ ਸਮੇਂ ਬਾਬਾ ਦੀਪ ਸਿੰਘ ਆਪਣੇ ਪੰਜ ਹਜ਼ਾਰ ਦੇ ਸ਼ਹੀਦੀ ਜਥੇ ਨਾਲ ਦਮਦਮੇ ਸਾਹਿਬੋਂ ਚੜਿਆ ਅਤੇ ਪਿੰਡ ਗੋਲ-ਵੜ ਕੋਲ ਇਕ ਭਾਰੀ ਜੁਧ ਪਿਆ। ਜਿਥੇ ਸੈਂਕੜੇ ਦਰਾਨੀਆਂ ਨੂੰ ਮਾਰਕੇ ਉਹ ਸ਼ਹੀਦ ਹੋ ਗਿਆ।

ਇਸ ਵੇਲੇ ਦੇਸ਼ ਵਿਚ ਦਰਾਨੀਆਂ ਦਾ ਜ਼ੋਰ ਵਧ ਗਿਆ ਸੀ, ਜਿਸ ਨੂੰ ਵੇਖ ਕੇ ਸਿੰਘਾਂ ਨੂੰ ਆਪਣੇ ਇਲਾਕੇ ਫੇਰ ਛਡਣੇ ਪਏ ਅਤੇ ਉਹ ਸਮੇਂ ਦੀ ਉਡੀਕ ਵਿਚ ਮਾਝਾ, ਰਿਆੜਕੀ ਅਤੇ ਦੁਆਬਾ ਛਡ ਕੇ ਕੋਹ ਸ਼ਵਾਲਕ ਦੀਆਂ ਪਹਾੜੀਆਂ ਵਿਚ ਜਾ ਬੈਠੇ।

ਇਨ੍ਹਾਂ ਦਿਨਾਂ ਦੀ ਗਲ ਹੈ, ਜਹਾਨ ਖਾਂਨ ਦੇ ਬੁਰੇ ਦਿਨ ਜੋ ਆਉਣੇ ਸਨ। ਉਸ ਨੇ ਦੋ ਦੁਰਾਨੀ ਸਿਪਾਹੀਆਂ ਦੇ ਕਤਲ ਦੇ ਸਬੰਧ ਵਿਚ ਕਰਤਾਰ ਪੁਰ ਵਾਲੇ ਸੋਢੀ ਵਡ ਭਾਗ ਸਿੰਘ ਨੂੰ ਆਪਣੇ ਸਿਪਾਹੀ ਭੇਜ ਕੇ ਕੁਟਾ ਘਤਿਆ। ਨਾ ਕੇਵਲ ਇਹ ਸਗੋਂ ਇਸ ਦੇ ਨਾਲ ਜਲੰਧਰ ਦੇ ਪਠਾਣ ਹਾਕਮ ਨਾਸਰ ਅਲੀ ਨੇ ਗੁਰਦਵਾਰਾ ਥੰਮ ਸਾਹਿਬ ਨੂੰ ਸਾੜ ਫੂਕਕੇ ਉਹ ਬੇਅਦਬੀ ਅਪਮਾਨ ਕੀਤਾ ਜਿਸ ਨੂੰ ਸਹਿਣਾ ਸਿੰਘਾਂ ਲਈ ਹੁਣ ਅਤਿਅੰਤ ਕਠਿਣ ਹੋ ਗਿਆ। ਵਡਭਾਗ ਸਿੰਘ ਵਿਚਾਰਾ ਡਰਦਾ ਮਾਰਾ ਜਾਨ ਬਚਾ ਕੇ

ਪਹਾੜਾਂ ਨੂੰ ਨਸ ਗਿਆ।

ਇਤਿਹਾਸ ਦਸਦਾ ਹੈ ਇਨੀਂ ਦਿਨੀਂ ਦੁਆਬੇ ਦਾ ਪੁਰਾਣਾ ਹਾਕਮ ਨਵਾਬ ਅਦੀਨਾ ਬੇਗ ਖਾਂ ਵੀ ਜਹਾਨ ਖਾਂ ਤੇ ਤੈਮੂਰ ਸ਼ਾਹ ਤੋਂ ਡਰਦਾ ਮਾਰਾ ਇਨ੍ਹਾਂ ਕੋਹ ਸ਼ਵਾਲਕ ਦੀਆਂ ਪਹਾੜੀਆਂ ਵਿਚ ਫਿਰਦਾ ਪਿਆ ਸੀ। ਏਥੇ ਖਾਲਸੇ ਅਤੇ ਇਸ ਦਾ ਮੇਲ ਹੋਇਆ। ਰਤਨਸਿੰਘ ਆਖਦਾ ਹੈ ਸੋਢੀ ਵਡ ਭਾਗਸਿੰਘ ਨੂ ਇਸਨੇ ਕਿਹਾਮੈਨੂ ਆਪਣਾ ਭੇਡਾ ਸਿਖ ਬਣਾ ਲਓ। ਨਾਰੰਗ ਲਿਖਦਾ ਹੈ, ਅਦੀਨਾਬੇਗ ਅਤੇ ਸਿੰਘਾਂ ਨੇ ਦੁਰਾਨੀਆਂ ਨੂੰ ਪੰਜਾਬ ਚੋਂ ਕਢਣ ਲਈ ਏਥੇ ਸਾਂਝੇ ਮਹਾਜ਼ ਦਾ ਪਰੋਗਰਾਮ ਕੀਤਾ, ਫੈਸਲਾ ਇਹ ਹੋਇਆ, ਜੋ ਦਲ ਖਾਲਸਾ ਅਤੇ ਅਦੀਨ ਬੇਗ ਦੀਆਂ ਫੌਜਾਂ ਦੇ ਦੋ ਭਾਗ ਕੀਤੇ ਜਾਣ, ਇਕ ਭਾਗ ਦੀ ਜਥੇਦਾਰੀ ਸ੍ਰਦਾਰ ਜੱਸਾਂ ਸਿੰਘ ਰਾਮਗੜੀਆ ਕਰੇ ਅਤੇ ਦੂਜੇ ਦੀ ਸ੍ਰਦਾਰ ਜਸਾ ਸਿੰਘ ਆਹਲੂਵਾਲੀਆ, ਸੋ ਏਸੇ ਤਰਾਂ ਕੀਤਾ ਗਿਆ,ਸ੍ਰਦਾਰ ਜੱਸਾ ਸਿੰਘ ਆਹਲੂਵਾਲੀਆ ਬਿਆਸ ਲੰਘਕੇ ਮਾਝੇ ਨੂੰ ਫਤਹ ਕਰਨ ਲਈ ਚੜਿਆ ਅਤੇ ਸਰਦਾਰ ਜੱਸਾ ਸਿੰਘ ਰਾਮਗੜੀਆ ਦੁਆਬੇ ਨੂੰ। ਇਸ ਸਮੇਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਦੁਰਾਨੀਆਂ ਦੇ ਪ੍ਰਸਿਧ ਜਰਨੈਲ ਸਰ ਫਰਾਜ਼ ਖਾਨ ਨੂੰ ਇਕ ਬੜੀ ਭਾਰੀ ਸ਼ਕਸਤ ਦੇਕੇਦੁਆਬੇ ਚੋਂ ਭਜਾ ਦਿਤਾ। ਨਾਸਰ ਅਲੀ ਖਾਂਨ ਮਾਰਿਆ ਗਿਆ, ਅਤੇ ਜਲੰਧਰ ਤੇ ਕਬਜ਼ਾ ਕਰ ਲੀਤਾ। ਇਸ ਤਰਾਂ ਇਹ ਕੰਮ ਦੁਆਬੇ ਚੋਂ ਮੁਕਾ ਕੇ ਸਰਦਾਰ ਜੱਸਾਂ ਸਿੰਘ ਰਾਮਗੜ੍ਹੀਆਂ ਮਾਝੇ ਨੂ ਚੜ੍ਹ ਪਿਆ ਅਤੇ ਦੂਸਰੇ ਜਥੇ ਨਾਲ ਰਲ ਕੇ ਲਾਹੌਰ ਗਿਰਦੇ ਤੈਮੂਰ ਅਤੇ ਜਹਾਨ ਖਾਂਨ ਨੂ ਜਾ ਵਖਤ ਪਾਇਆਂ। ਕਈਆਂ ਇਤਿਹਾਸਕਾਂਰਾਂ ਦਾਂ ਖਿਆਂਲ ਹੈ ਸਿੰਘਾਂ ਨੇ ਇਸ ਸਮੇਂ ਲਾਹੌਰ ਫ ਤਹ ਕਰ ਲਿਆ, ਕਈ ਇਸ ਗਲ ਨੂ ਨਹੀਂ ਮੰਨਦੇ।

# ਮਰਹਟਿਆਂ ਦਾ ਪੰਜਾਬ ਵਿਚ ਆਉਣਾ

ਜਦ ਦੀਨਾਂ ਬੇਗ ਅਤੇ ਸਿੰਘਾਂ ਨੇ ਰਲ ਕੇ ਦੁਰਾਨੀਆਂ ਨੂੰ ਥਾਂ ਥਾਂ ਮਾਰ ਕੇ ਭਜਾ ਦਿਤਾ ਤਾਂ ਦੀਨਾਂ ਬੇਗ ਨੂੰ ਇਹ ਸੋਚ ਜ਼ਰੂਰ ਸੀ ਜੁ ਅੱਜ ਜਾਂ ਕਲ ਖੁਦ ਆਪ ਐਹਮਦ ਸ਼ਾਹ ਜ਼ਰੂਰ ਚੜ੍ਹ ਆਏ ਗਾ, ਤੇ ਸਾਥੋਂ ਉਸ ਦਾ ਰੋਕਿਆ ਜਾਣਾ ਮੁਸ਼ਕਲ ਹੈ। ਨਾਲੇ ਓਹ ਵੇਖ ਰਿਹਾ ਸੀ ਸਿੰਘ ਇਲਾਕਿਆਂ ਤੇ ਆਪ ਕਾਬਜ਼ ਹੋ ਰਹੇ ਸਨ ਜਿਸ ਕਰਕੇ ਉਸ ਨੂੰ ਕੋਈ ਫੈਦਾ ਦਿਸਦਾ ਨਹੀਂ ਸੀ ਲਭਦਾ। ਉਸ ਦੀ ਆਪਣੀ ਖਾਹਸ਼ ਲਾਹੌਰ ਦਾ ਹਾਕਮ ਬਣਨ ਦੀ ਸੀ। ਸੋ ਉਸ ਨੇ ਇਹ ਸਭ ਕੁਝ ਸੋਚ ਕੇ ਮਰਹਟਿਆਂ ਨੂੰ ਸਦ ਘਲਿਆ।

ਇਨੀਂ ਦਿਨੀਂ ਮਰਹਟੇ ਦਿਲੀ ਦੇ ਗਿਰਦੇ ਸਨ। ਉਨ੍ਹਾਂ ਨੂੰ ਅਦੀਨਾ ਬੇਗ ਨੇ ਲਿਖਿਆ ਤੁਸੀਂ ਪੰਜਾਬ ਵਲ ਆਓ ਤੇ ਆਪਣੀ ਬਾਦਸ਼ਾਹੀ ਅਟਕ ਤਕ ਲੰਮੀ ਚੌੜੀ ਕਰ ਲਵੋ। ਹਰ ਤੁਰਨ ਦਾ ਮੈਂ ਤੁਹਾਨੂੰ ਇਕ ਲਖ ਰੁਪਈਆ ਅਤੇ ਵਿਸਰਾਮ ਦਾ ਪੰਜਾਹ ਹਜ਼ਾਰ ਰੁਪਈਆ ਦੇਵਾਂਗਾ।

ਮਰਹਟੇ ਫਰਵਰੀ ਦੇ ਅਖੀਰ ਵਿਚ ਪੰਜਾਬ ਵਲ ਵਧੇ। ਰਘੂ ਨਾਥ ਰਾਓ ਇਕ ਬੜੀ ਭਾਰੀ ਮਰਹਟਿਆਂ ਦੀ ਸੈਨਾਂ ਨਾਲ ੫ ਮਾਰਚ ਨੂੰ ਮੁਗ਼ਲ ਦੀ ਸਰਾਏ ਅੰਬਾਲੇ ਲਾਗੇ ਆ ਢੱਥਾ। ੬ ਮਾਰਚ ਨੂੰ ਉਹ ਰਾਜ ਪੁਰੇ; ਅਤੇ ੭-੮ ੧੭੫੮ ਨੂੰ ਉਹ ਸਰਹੰਦ ਕੋਲ ਆ ਪੁਜਾ।

ਏਧਰ ਅਦੀਨਾ ਬੇਗ ਵੀ ਸਿੰਘਾਂ ਦੀ ਇਕ ਤਕੜੀ ਫੌਜ ਲੈਕੇ ਪੁਜ ਗਿਆ ਅਤੇ ਇਨ੍ਹਾਂ ਤਿੰਨਾਂ ਤਾਕਤਾਂ ਨੇ ਸਰਹੰਦ ਨੂੰ ਫਤਹ ਕਰਕੇ

ਲੁਟ ਕੇ ਬਰਬਾਦ ਕਰ ਦਿਤਾ। ਅਬਦੁਲ ਸਮਦ ਖਾਂਨ ਸਰਹੰਦ ਦਾ ਪਠਾਨ ਸੂਬਾ ਸੀ, ਉਸ ਨੂੰ ਅਤੇ ਉਸ ਦੇ ਸਹਾਇਕ ਜੰਗ ਬਾਜ਼ ਖਾਂਨ ਨੂੰ ਕੈਦ ਕਰ ਲਿਆ ਗਿਆ।

ਜਾਂ ਇਹ ਖਬਰਾਂ ਜਹਾਨ ਖਾਂਨ ਨੇ ਸੁਨੀਆਂ ਤਾਂ ਉਹ ਬੜਾ ਘਬਰਾਇਆ, ਤੇ ਇਸ ਨੇ ਲਾਹੌਰ ਖਾਲੀ ਕਰ ਜਾਨ ਦਾ ਇਰਾਦਾ ਕਰ ਲਿਆ। ਤੈਹਮਸ ਖਾਂਨ ਮਸਕੀਨ ਲਿਖਦਾ ਹੈ। ੯ ਅਪਰੈਲ ਨੂੰ ਜਹਾਂਨ ਖਾਂਨ ਨੇ ਰਾਵੀ ਲੰਘਕੇ ਸ਼ਾਹਦਰੇ ਜਾ ਡੇਰਾ ਕੀਤਾ। ਤੈਮੂਰ ਦੀ ਮਾਂ ਤੇ ਹੋਰ ਸ਼ਾਹੀ ਹਰਮ ਦੀਆਂ ਔਰਤਾਂ ਨੂੰ ਉਸਨੇ ਅਗੇ ਰਵਾਨਾ ਕੀਤਾ, ਅਤੇ ਆਪ ਤੇ ਦੂਸਰੇ ਦੁਰਾਨੀ ਸਰਦਾਰ ਤੇ ਫੌਜਾਂ ਰਾਤ ਦਿਨ ਮਾਲ ਸਬਾਬ ਦੀ ਢੋਇਆ ਢਾਈ ਵਿਚ ਲਗੀਆਂ ਰਹੀਆਂ, ਉਸ ਨੂੰ ਖਬਰ ਆਈ, ਮਰਹਟੇ ਬਿਆਸਾ ਲੰਘ ਆਏ ਹਨ। ਹੁਣ ਕਾਹਲੀ ਨਾਲ ਜਹਾਨ ਖਾਂ ਦਾ ਸਾਰਾ ਅਮਲਾ ਫੈਲਾ ਅਤੇ ਫੌਜਾਂ ਕਾਬਲ ਨੂੰ ਤੁਰੀਆਂ। ਜਿਹੜਾ ਅਸਬਾਬ ਨਾ ਚੁਕਿਆ ਗਿਆ ਉਸ ਨੂੰ ਅੱਗ ਲਾ ਦਿਤੀ ਗਈ।

ਜਹਾਂਨ ਖਾਂਨ ਤੇ ਤੈਮੂਰ ਸ਼ਾਹ ਨੇ ਆਪਣੀਆਂ ਫੌਜਾਂ ਸਣੇ ੩੬ ਮੀਲ ਭਜ ਕੇ ਸਰਾਂ ਕਾਂਚੀ ਕੋਲ ਜਾ ਸਾਹ ਲਿਆ। ਪਰ ਮਰਹਟੇ ਅਤੇ ਸਿੰਘਾਂ ਨੇ ਉਥੇ ਜਾ ਘੇਰਿਆ। ਏਥੋਂ ਫੇਰ ਰਾਤ ਦੇ ਹਨੇਰੇ ਵਿਚ ਦੁਰਾਨੀ ਭਜ ਗਏ ਪਰ ਝਨਾਂ ਕੋਲ ਸਿੰਘਾਂ ਅਤੇ ਮਰਹਟਿਆਂ ਨੇ ਮੁੜ ਜਾ ਨਪੇ। ਬੜੀ ਮੁਸ਼ਕਲ ਨਾਲ ਤੈਮੂਰ ਸ਼ਾਹ ਅਤੇ ਜਹਾਨ ਖਾਂਨ ਏਥੋਂ ਜਾਨ ਬਚਾ ਕੇ ਭਜ ਸਕੇ। ਇਸ ਵੇਲੇ ਜਹਾਨ ਖਾਂਨ ਦੀਆਂ ਬਹੁਤ ਸਾਰੀਆਂ ਫੌਜਾਂ ਸਿੰਘਾਂ ਤੇ ਮਰਹਟਿਆਂ ਹਥੋਂ ਮਾਰੀਆਂ ਗਈਆਂ। ਸਾਰਾ ਖ਼ਜਾਨਾ ਅਤੇ ਦੁਰਾਨੀਆਂ ਦਾ ਮਾਲ ਅਸਬਾਬ ਲੁਟ ਲਿਆ ਗਿਆ। ਪੰਜਾਬ ਵਿਚ ਮਰਹਟਿਆਂ ਦੀ ਬਾਦਸ਼ਾਹੀ ਹੋ ਗਈ।

੧੧ ਅਪਰੈਲ ਨੂ ਅਦੀਨਾ ਬੇਗ ਨੇ ਲਾਹੌਰ ਸ਼ਾਲਾ ਮਾਰਬਾਗ਼ ਵਿਚ ਇਕ ਬੜਾ ਸ਼ਾਨਦਾਰ ਦਰਬਾਰ ਕੀਤਾ. ਗੁਲਾਬ ਅਤੇ ਕਿਉੜੇ ਨਾਲ ਸਾਰੇ ਬਾਗ਼ ਦੇ ਫਵਾਰੇ ਚਲਾਏ ਬੜਾ ਉਚਾ ਤਖਤ ਸਜਾਇਅ ਤੇ ਰਘੂ ਨਾਥ ਰਾਓ ਮਰਹਟੇ ਨੂ ਉਸ ਉਪਰ ਬਠਾਇਆ। ਸਾਰੇ ਸ਼ਹਿਰ ਵਿਚ ਦੀਪਮਾਲਾ ਕੀਤੀ।

ਭਾਵੇਂ ਮਰਹਟਿਆਂ ਨੇ ਪੰਜਾਬ ਦੀ ਬਾਦਸ਼ਾਹੀ ਲੈ ਲਈ ਪਰ ਉਹਨਾਂ ਇਥੇ ਟਿਕਣਾਂ ਪਸੰਦ ਨਾਂਹ ਕੀਤਾ।ਇਕ ਤੇ ਇਹ ਕਿ ਉਹ ਆਪਣੇ ਵਤਨ ਤੋਂ ਬੜੇ ਦੂਰ ਆ ਗਏ ਸਨ ਤੇ ਦੂਜਾ ਇਥੇ ਖਾਲਸੇ ਦੇ ਹੁੰਦਿਆਂ ਉਨ੍ਹਾਂ ਨੂੰ ਕੁਝ ਆਪਣੇ ਪੱਲੇ ਪੈਂਦਾ ਨਹੀਂ ਸੀ ਲਭਦਾ। ਸੋ ਉਹ ਅਦੀਨਾ ਬੇਗ ਖਾਂਨ ਨੂ ੭੫ ਲਖ ਸਾਲਾਨਾ ਤੇ ਪੰਜਾਬ ਦੀ ਨਵਾਬੀ ਦੇਕੇ ਵਾਪਸ ਤੁਰ ਗਏ। ੫ ਜੂਨ ੧੭੫੮ ਨੂ ਉਨ੍ਹਾਂ ਨੇ ਥਨੇਸਰ ਸੋਮਾਵਤੀ ਮਸਿਆ ਦਾ ਇਸ਼ਨਾਨ ਕੀਤਾ।

* * *

# ਅਦੀਨਾ ਬੇਗ ਪੰਜਾਬ ਦਾ ਨਵਾਬ, ਰਾਮਗੜ੍ਹ ਦਾ ਘੇਰਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਤੇ ਜੈ ਸਿੰਘ ਘਨਈਏ ਦੀਆਂ ਬੇਨਜ਼ੀਰ ਬਹਾਦਰੀਆਂ!

ਅਦੀਨਾ ਬੇਗ ਖਾਂਨ ਜਦ ਪੰਜਾਬ ਤੇ ਰਾਜ ਕਰਨ ਲਗਾ ਤਾਂ ਉਸ ਨੇ ਆਪਣੀ ਰਾਜਧਾਨੀ ਵਟਾਲਾ ਬਨਾਇਆ। ਲਾਹੌਰ ਉਸ ਨੇ ਆਪਣੇ ਜਵਾਈ ਖਵਾਜਾ ਮਿਰਜ਼ਾ ਦੀ ਸਪੁਰਦਗੀ ਵਿਚ ਕੀਤਾ ਅਤੇ ਸਰਹੰਦ ਦਾ ਸਦੀਕ ਬੇਗ ਨੂ ਫੌਜਦਾਰ ਬਣਾਇਆ। ਲਾਹੌਰ ਵਿਚ ਮੁਗ਼ਲਾਣੀ ਬੇਗਮ ਦਾ ਹੋਣਾ ਖਵਾਜਾ ਮਿਰਜ਼ਾ ਉਕਾ ਪਸੰਦ ਨਹੀਂ ਸੀ ਕਰਦਾ ਸੋ ਉਸ ਦੇ ਕਹਿਣ ਤੇ ਉਹ ਉਸ ਨੂ ਵਟਾਲੇ ਲੈ ਆਇਆ।

ਅਦੀਨਾ ਬੇਗ ਨੇ ਜਾਂ ਵੇਖਿਆ ੭੫ ਲਖ ਰੁਪਈਆ ਮਰ-ਹਟਿਆਂ ਨੂੰ ਹਰ ਸਾਲ ਦੇਣਾ ਪੈਣਾ ਕਰਨਾ ਹੈ ਤਾਂ ਉਸ ਨੇ ਇਸ ਵਡੀ ਰਕਮ ਦੇ ਇਕੱਠਾ ਕਰ ਨ ਲਈ ਦੇਸ ਨੂ ਚੰਗੀ ਤਰਾਂ ਮਤੀਅ ਕਰਨ ਦਾ ਖਿਆਲ ਕੀਤਾ। ਇਸ ਮਾਮਲੇ ਵਿਚ ਉਸ ਦੀ ਟਕਰ ਜਿਨ੍ਹਾਂ ਨਾਲ ਲਗਣੀ ਸੀ, ਉਹ ਸਿੰਘ ਸਨ। ਇਸ ਲਈ ਉਸ ਨੇ ਇਕ ਬੜੀ ਭਾਰੀ ਫੌਜ ਤਿਆਰ ਕੀਤੀ ਅਤੇ ਇਲਾਕਿਆਂ ਦਿਆਂ ਜ਼ਿਮੀਂਦਾਰਾਂ, ਚੌਧਰੀਆਂ ਤੇ ·ਸਰਕਾਰੀ ਪਿਠੂਆਂ ਨੂ ਹੁਕਮ ਜਾਰੀ ਕਰਕੇ ਸਿੰਘਾਂ ਤੇ ਸਖਤੀ ਅਰੰਭ ਕਰ ਦਿਤੀ।

ਸਿੰਘਾਂ ਨੂੰ ਜਦੋਂ ਅਦੀਨਾ ਬੇਗ ਦੇ ਇਸ ਇਰਾਦੇ ਦਾ ਪਤਾ ਲਗਾ ਤਾਂ "ਇਸ ਪੁਰਾਣੇ ਮਿਤ੍ਰ ਅਤੇ ਨਵੇਂ ਦੁਸ਼ਮਣ ਦੀ ਖਬਰ ਲੈਣ

ਲਈ ਇਕ ਤਗੜਾ ਖਾਲਸੇ ਦਾ ਦਲ ਚੜ੍ਹਿਆ। ਇਸ ਦਲ ਨੇ ਦੀਨਾਂ ਨਗਰ ਦੇ ਲਾਗੇ ਨਗਾਰੇ ਨੂੰ ਜਾ ਚੋਟਾਂ ਲਾਈਆਂ, ਏਥੋਂ ਦੀਨਾਂ ਬੇਗ ਨੇ ਇਕ ਤਗੜੀ ਫੌਜ ਦੇ ਕੇ ਆਪਣੇ ਦੀਵਾਨ ਹੀਰਾ ਮਲ ਅਤੇ ਗੁਰੂ ਆਕਿਲ ਦਾਸ ਜੰਡਿਆਲੀਏ ਨੂੰ ਸਿੰਘਾਂ ਦੇ ਮੁਕਾਬਲੇ ਲਈ ਭੇਜਿਆ। ਫ਼ੌਜਾਂ ਰੁਖ ਕਰਦੀਆਂ ਕਰਦੀਆਂ ਕਾਦੀਆਂ ਕੋਲ ਮੈਦਾਨ ਆ ਬਣਿਆ। ਸਿੰਘਾਂ ਅਤੇ ਅਦੀਨਾ ਬੇਗ ਦੀਆਂ ਫੌਜਾਂ ਦਾ ਇਕ ਭਾਰੀ ਰਣ ਮਚਿਆ। ਦੀਵਾਨ ਹੀਰਾ ਮਲ ਮਾਰਿਆ ਗਿਆ। ਜੰਡਿਆਲੀਏ ਗੁਰੂ ਨੇ ਭਜ ਕੇ ਜਾਨ ਬਚਾਈ। ਸੈਨਾ ਕੁਝ ਨਸ ਗਈ ਅਤੇ ਕੁਝ ਸਿੰਘਾਂ ਹਥੋਂ ਮੈਦਾਨ ਵਿਚ ਥਾਂ ਰਹੀ। ਖਾਲਸੇ ਨੇ ਅਦੀਨਾਂ ਬੇਗ ਦੀ ਸੈਨਾਂ ਦਾ ਸਭ ਕੁਝ ਲੁਟ ਲਿਆ।

ਇਸ ਭਾਰੀ ਸ਼ਕਸਤ ਦੀ ਖਬਰ ਅਦੀਨਾ ਬੇਗ ਨੂੰ ਪੁਜੀ ਤਾਂ ਉਹ ਬੜਾ ਕੁੜ੍ਹਿਆ, ਤੇ ਉਸ ਨੇ ਪੱਕੀ ਤਰ੍ਹਾਂ ਸਿੰਘਾਂ ਦੀ ਜੜ੍ਹ ਮੇਖ ਉਖਾੜਨ ਲਈ ਲਕ ਬੰਨ੍ਹ ਲਿਆ।

ਮੇਗਰੇਗਰ ਆਖਦਾ ਹੈ। ੪੦੦੦ ਤਰਖਾਣ ਉਸ ਨੇ ਉਨ੍ਹਾਂ ਜੰਗਲਾਂ ਨੂੰ ਸਾਫ ਕਰਨ ਲਈ ਲਾਏ ਜਿਨ੍ਹਾਂ ਵਿਚ ਸਿੰਘ ਲੁਕ ਜਾਂਦੇ ਸਨ. ਅਪਣਾ ਬੜਾ ਇਤਬਾਰੀ ਫੌਜਦਾਰ ਮੀਰ ਅਜ਼ੀਜ਼ ਬਖਸ਼ੀ ਉਸਨੇ ਕਈ ਹਜ਼ਾਰ ਸਵਾਰ ਦੇ ਕੇ ਇਸ ਕੰਮ ਵਲ ਲਾਇਆਂ ਅਤੇ ਹੋਰ ਕਾਰਦਾਰ ਲੋਗ ਵੀ ਏਧਰ ਰੁਝ ਗਏ।

ਇਨੀ ਦਿਨੀਂ ਅਦੀਨਾਂ ਬੇਗ ਦੀਆਂ ਫੌਜਾਂ ਨੇ ਕਿਲਾ ਰਾਮ ਗੜ੍ਹ ਨੂੰ ਘੇਰ ਲਿਆਂ। ਇਸ ਸਮੇਂ ਕਿਲਾ ਰਾਮ ਗੜ੍ਹ ਵਿਚ ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਤੇ ਉਸ ਦੇ ਭਰਾਵਾਂ ਤੋਂ ਛੁਟ ਹੋਰ ਸਿੰਘ ਸਰਦਾਰ ਵੀ ਸਨ "ਜਿਵੇਂ ਨੰਦ ਸਿੰਘ ਸੰਘਾ-ਣੀਆਂ, ਸ: ਜੈ ਸਿੰਘ ਘਨਈਆ ਅਤੇ ਅਮਰ ਸਿੰਘ ਕਿੰਗਰਾ ਆਦਿ

ਇਤਿਹਾਸ ਦਸਦਾ ਹੈ। ਸਿੰਘਾਂ ਨੇ ਇਸ ਸਮੇਂ ਬੇਮਿਸਾਲ ਜੁਧ ਕੀਤਾ, ਸਰਦਾਰ ਜੱਸਾ ਸਿੰਘ ਰਾਮਗੜੀਆ ਅਤੇ ਸਰਦਾਰ ਜੈ ਸਿੰਘ ਘਨ-ਈਆ ਦੀਆਂ ਬਹਾਦਰੀਆਂ ਦਾ ਵਰਨਣ ਕਰਦਾ ਹੋਇਆ ਮੈਗਰੇਗਰ ਆਪਣੀ ਸਿਖ ਤਵਾਰੀਖ ਦੇ ਸਫ਼ਾ ੧੩੧-੧੩੨ ਤੇ ਲਿਖਦਾ ਹੈ। ਜੈ ਸਿੰਘ ਘਨਈਆ ਅਤੇ ਜੱਸਾ ਸਿੰਘ ਕਿਲੇ ਚੋਂ ਨਿਕਲਦੇ ਅਤੇ ਭਾਰੀ ਤਾਦਾਦ ਵਿਚ ਵੈਰੀ ਨੂੰ ਅਪਣੀਆਂ ਲੰਮੀਆਂ ਬੰਦੂਕਾਂ ਤੇ ਤੀਰਾਂ ਨਾਲ ਮਾਰਕੇ ਵਾਪਸ ਕਿਲੇ ਵਿਚ ਆ ਵੜਦੇ।

ਅੰਤ ਸਿੰਘ ਇਕ ਤਗੜਾ ਹਲਾ ਕਰਕੇ ਕਿਲੇ ਚੋਂ ਨਿਕਲ ਗਏ। ਇਸ ਤਰ੍ਹਾਂ ਸਿੰਘਾਂ ਦੀਆਂ ਅਦੀਨਾ ਬੇਗ ਨਾਲ ਨਿਤ ਲੜਾਈਆਂ ਹੋ ਰਹੀਆਂ ਸਨ ਕਿ ਉਹ ੧੫ ਸਤੰਬਰ ੧੭੫੮ ਨੂੰ ਬਟਾਲੇ ਵਿਚ ਫੌਤ ਹੋ ਗਿਆ।

# ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਦੁਆਬਾ ਮੱਲਣਾ !

ਅਜੇ ਰਘੁਨਾਥ ਰਾਓ ਅਤੇ ਮਲਹਾਰ ਆਪਣੇ ਵਤਨ ਦਕਣ ਦੇ ਰਾਹ ਵਿਚ ਹੀ ਸਨ ਜਦ ਉਹਨਾਂ ਨੂੰ ਅਦੀਨਾ ਬੇਗ ਦੀ ਮੌਤ ਦਾ ਪਤਾ ਲਗਾ। ਉਨ੍ਹਾਂ ਇਕ ਦਮ ਅਨੰਤਾ ਜੀ ਮਨਕੇਸ਼ਵਰ ਤੇ ਹੋਰ ਮਰਹਟੇ ਸਰਦਾਰਾਂ ਨੂੰ ਇਕ ਜ਼ੋਰਾਰ ਫੌਜ ਦੇ ਕੇ ਪੰਜਾਬ ਨੂੰ ਚੜ੍ਹਾ ਦਿਤਾ। ਇਹ ਮਰਹਟਿਆਂ ਦੀ ਸੈਨਾ ਨਵੰਬਰ ਵਿਚ ਦਿਲੀ ਪੁਜੀ। ਅਨੰਤਾ ਜੀ ਮਾਂਨਕੇਸ਼ਵਰ ਤਾਂ ਦਿਲੀ ਤੇ ਤੇਹਤ ਜਮਾ ਕੇ ਕੁਝ ਸੈਨਾ ਸਣੇ ਦਿਲੀ ਰਿਹਾ ਤੇ ਦੱਤਾ ਜੀ ਅਤੇ ਸਬ੍ਹਾ ਜੀ ਸੀਂਧੀਆ ਪੰਜਾਬ ਨੂੰ ਵਧੇ।

ਅਦੀਨਾ ਬੇਗ ਦੇ ਮਰਦਿਆਂ ਹੀ ਪੰਜਾਬ ਵਿਚ ਬੇਹਦ ਰਾਜ ਰੌਲਾ ਪੈ ਗਿਆ ਸੀ। ਖਵਾਜਾ ਮਿਰਜ਼ਾ ਬਦ ਅਮਨੀ ਦੂਰ ਕਰਨ ਲਈ ਭਾਵੇਂ ਵਧ ਕੇ ਜ਼ੋਰ ਲਗਾ ਰਿਹਾ ਸੀ, ਪਰ ਉਸਦੀ ਕੋਈ ਵਾਹ ਪੇਸ਼ ਨਹੀਂ ਸੀ ਚਲਦੀ।

ਦੱਤਾ ਜੀ ਨੇ ਸਬ੍ਹਾ ਜੀ ਸੀਂਧੀਆ ਨੂੰ ਲਾਹੌਰ ਦਾ ਸੂਬੇਦਾਰ ਥਾਪਿਆ, ਪਰ ਉਹ ਆਪ ਲਾਹੌਰ ਨਾ ਆਇਆ ਮਾਛੀਵਾੜਿਓਂ ਹੀ ਨਵਾਬ ਅਦੀਨਾ ਬੇਗ ਦੇ ਪੁਤ੍ਰ ਕੋਲੋਂ ਖਰਾਜ ਲੈਕੇ ਦਿਲੀ ਨੂੰ ਮੁੜ ਗਿਆ। ਇਤਿਹਾਸ ਦਸਦਾ ਹੈ ਉਹ ਸਿੰਘਾਂ ਕੋਲੋਂ ਡਰਦਾ ਸੀ। ਸਿੰਘਾਂ ਦਾ ਇਸ ਵੇਲੇ ਐਨਾ ਜ਼ੋਰ ਸੀ ਜੋ ਕੋਈ ਵਿਰਕ ਨਹੀਂ ਸੀ ਸਕਦਾ। ਕਹਿੰਦੇ ਹਨ ਸਬ੍ਹਾ ਜੀ ਸੀਂਧੀਆ ਲਾਹੌਰ ਦਾ ਹਾਕਮ ਤਾਂ ਬਣ ਗਿਆ ਪਰ ਉਹ ਲਾਹੌਰ ਤੋਂ ਬਾਹਰ ਨਿਕਲਨ ਦੀ ਜੁਰਤ ਨਹੀਂ ਸੀ ਕਰਦਾ।

ਆਖਰ ਕੁਝ ਦਿਨ ਪਾਕੇ ਸਬ੍ਹਾ ਜੀ ਸੀਂਧੀਆਂ ਅਮਨ ਕੈਮ ਕਰਨ ਵਿਚ ਸਫਲ ਹੋ ਗਿਆ। ਉਹ ਵੀ ਸਿੰਘਾਂ ਨਾਲ ਮਿਲ ਕੇ। ਇਨ੍ਹਾਂ ਦਿਨਾਂ ਵਿਚ ਦੁਰਾਨੀਆਂ ਨੇ ਦੋ ਵਾਰ ਪੰਜਾਬ ਤੇ ਹਲਾ ਬੋਲਿਆ ਪਰ ਸਬ੍ਹਾ ਜੀ ਸੀਧੀਆਂ ਨੇ ਸਿੰਘਾਂ ਦੀ ਸਹਾਇਤਾ ਨਾਲ ਦੋਵੇਂ ਵਾਰ ਉਨ੍ਹਾਂ ਨੂੰ ਮਾਰ ਭਜਾਇਆ। ਇਕ ਲੜਾਈ ਵਿਚ ਜਹਾਨ ਖਾਂ ਅਤਯੰਤ ਜ਼ਖਮੀ ਹੋਇਆ ਅਤੇ ਉਸ ਦਾ ਪੁਤ੍ਰ ਮਾਰਿਆ ਗਿਆ।

ਇਸ ਸਮੇਂ ਸਿੰਘਾਂ ਨੇ ਬਹੁਤ ਸਾਰਾ ਦੇਸ ਮਲ ਲਿਆ ਸੀ। ਇਤਿਹਾਸ ਕਾਰ ਆਖਦੇ ਹਨ, ਸਰਦਾਰ ਜੱਸਾ ਸਿੰਘ ਜੀ ਰਾਮ-ਗੜ੍ਹੀਆ ਨੇ ਇਨ੍ਹਾਂ ਦਿਨਾਂ ਵਿਚ ਰਿਆੜਕੀ ਤੋਂ ਇਲਾਵਾ ਦੁਆਬਾ ਵੀ ਮਲ ਲਿਆ।

ਅੰਤ ਸੰਨ ੧੭੫੯ ਨੂੰ ਐਹਮਦ ਸ਼ਾਹ ਪੰਜਵੀਂ ਵਾਰ ਚੜ੍ਹ ਆਇਆ। ਡਰਦੇ ਮਾਰੇ ਮਰਹਟਿਆਂ ਨੇ ਲਾਹੌਰ ਖਾਲੀ ਕਰ ਦਿਤਾ। ਸਬ੍ਹਾ ਜੀ ਸੀਂਧੀਆ ਵਟਾਲੇ ਆ ਗਿਆ। ਜਹਾਨ ਖਾਂ ਨੇ ਬਗੈਰ ਕਿਸੇ ਲੜਾਈ ਦੇ ਲਾਹੌਰ ਤੇ ਕਬਜ਼ਾ ਕਰ ਲਿਆ। ਹੁਣ ਦੁਰਾਨੀਆਂ ਦਾ ਐਨਾਂ ਤੁਫਾਨ ਚੜ੍ਹਿਆ ਜੋ ਮਰਹਟੇ ਇਕ ਦਮ ਪੰਜਾਬ 'ਚੋਂ ਨਸ ਤੁਰੇ।

ਅਕਤੂਬਰ ੧੭੫੯ ਨੂੰ ਐਹਮਦ ਸ਼ਾਹ ਹਾਜੀ ਕਰੀਮ ਦਾਦ ਖਾਂ ਨੂੰ ਲਾਹੌਰ ਸੌਂਪ ਕੇ ਅਗੇ ਵਧਿਆ ਦੁਰਾਨੀਆਂ ਦੀ ਸਾਰੀ ਸੈਨਾਂ ਦਿਲੀ ਵਲ ਨੂੰ ਚੜ੍ਹ ਪਈ। ਸਾਲ ਭਰ ਲੜਾਈ ਦਾ ਰੌਲਾ ਪਿਆ ਰਿਹਾ। ਛੇਕੜ ਐਹਮਦ ਸ਼ਾਹ ਦੁਰਾਨੀ ਅਤੇ ਮਰਹਟਿਆਂ ਦਾ ੧੫ ਜਨਵਰੀ ੧੭੬੧ ਨੂੰ ਪਾਣੀਪਤ ਦੇ ਮੈਦਾਨ ਵਿਚ ਇਕ ਬੜਾ ਭਾਰੀ ਜੁਧ ਹੋਇਆ ਜਿਸ ਵਿਚ ਮਰਹਟੇ ਹਾਰ ਗਏ।

# ਖਵਾਜਾ ਉਬੇਦ ਦੀ ਹਾਰ

ਅਬਦਾਲੀ ਤਾਂ ਪਾਣੀਪਤ ਦੇ ਮੈਦਾਨ ਵਿਚ ਮਰਹਟਿਆਂ ਾਲ ਲੜਦਾ ਰਿਹਾ, ਏਧਰ ਸਿੰਘਾਂ ਨੇ ਲਾਹੌਰ ਉਪਰ ਧਾਵਾ ਬੋਲ ? ੩੦੦੦੦ ਰੁਪਿਆ ਕੜਾਹ ਪਰਸ਼ਾਦ ਲਈ ਜਾਹ ਮਾਰਿਆ। ਾਜੀ ਕਰੀਮ ਦਾਦ ਖਾਂਨ ਨੂੰ ਉਸ ਨੇ ਛੇਤੀ ਹੀ ਅਪਣੇ ਪਾਸ ਲੜਾਈ ਬੁਲਾ ਲਿਆ ਸੀ, ਇਸ ਕਰਕੇ ਪੰਜਾਬ ਦਾ ਸੂਬਾ ਹੁਣ ਸਰ ਬਲੰਦ ਖਾਂ ਸੀ ਜੋ ਡਰਦਾ ਮਾਰਾ ਜਲੰਧਰੋਂ ਅਗਾਂਹ ਨਹੀਂ ਸੀ ਆਉਂਦਾ। ਸਰ ਬਲੰਦ ਖਾਂ ਨੇ ਪਹਿਲਾਂ ਆਪਣੇ ਸਾਹਿਰ ਹਾਕਮ ਸਆਦਤ ਯਾਰ ਖਾਂਨ ਨੂੰ ਲਾਹੌਰ ਸੌਂਪ ਰਖਿਆ ਅਤੇ ਫੇਰ ਉਸ ਦੇ ਹਟ ਜਾਣ ਤੋਪਰੰਤ ਸੂਰਤ ਸਿੰਘ ਖਤਰੀ ਅਤੇ ਮੀਰ ਮੁਹੰਮਦ ਖਾਨ ਨੂੰ ਇਸ ਦਾ ਪ੍ਰਬੰਧ ਦਿਤਾ।

ਇਸ ਵੇਲੇ ਸਿੰਘਾਂ ਦੇ ਕਿਲੇ ਹੀ ਕਿਲੇ ਪੰਜਾਬ ਵਿਚ ਦਿਸ ਰਹੇ ਸਨ। ਜਦ ਅਬਦਾਲੀ ਮਰਹਟਿਆਂ ਨੂੰ ਜਿਤ ਕੇ ਲਾਹੌਰ ਪੁਜਾ ਤਾਂ ਲਾਹੌਰ ਦੇ ਆਲੇ ਦੁਆਲੇ ਦਾ ਬਹੁਤ ਬੁਰਾ ਹਾਲ ਸੀ। ਰਸਤੇ ਵਿਚ ਸਿੰਘਾਂ ਨੇ ਉਸਦਾ ਨੱਕ ਵਿਚ ਦਮ ਕਰ ਦਿਤਾ ਸੀ। ਗੋਇੰਦ-ਵਾਲ ਦੇ ਕੋਲ ਸਿੰਘਾਂ ਨੇ ਛਾਪਾ ਮਾਰਕੇ ਉਸ ਕੋਲੋਂ ਬਹੁਤ ਸਾਰੀਆਂ ਗੁਲਾਮ ਕੀਤੀਆਂ ਔਰਤਾਂ ਛੜਾ ਲਈਆਂ ਸਨ।

ਅੰਤ ਉਹ ਲਾਹੌਰ ਦਾ ਹਾਕਮ ਖਵਾਜਾ ਉਬੇਦ ਨੂੰ, ਜਲੰਧਰ ਦੀ ਸੂਬੇਦਾਰੀ ਰਾਜਾ ਘਮੰਡ ਚੰਦ ਕਟੋਚ ਨੂੰ, ਅਤੇ ਸਰਹੰਦ ਦੀ ਹਕੂਮਤ ਜ਼ੈਨ ਖਾਂ ਦੇ ਸਪੁਰਦ ਕਰਕੇ ਮਈ ਸੰਨ ੧੭੬੧ ਨੂੰ ਸਿੰਘਾਂ ਤੋਂ ਅਤਯੰਤ ਖਿਝਿਆ ਹੋਇਆ ਕਾਬਲ ਨੂੰ ਤੁਰ ਗਿਆ। ਇਸ ਸਮੇਂ ਉਹ ਬਹੁਤ ਭਾਰ ਹੋਣ ਕਰਕੇ ਅਪਣੀਆਂ ਸਭ ਤੋਪਾਂ ਤੋਂ ਭਾਰੀ

ਤੋਪ ਜ਼ਮਜ਼ਮਾ ਵੀ ਛਡਗਿਆ। ਅਫਗਾਨਸਤਾਨ ਪਹੁੰਚਕੇ ਅਬਦਾਲੀ ਨੇ ਸਿੰਘਾਂ ਨੂੰ ਸਿਝਣ ਲਈ ਅਪਣੇ ਇਕ ਤਜਰਬੇਕਾਰ ਜਰਨੈਲ ਨੂਰਦੀਨ ਨੂੰ ਚੋਣਵਾਂ ਦਸ ਹਜ਼ਾਰ ਸਵਾਰ ਦੇਕੇ ਭੇਜਿਆ, ਪਰ ਕੁਝ ਨਾ ਬਣਿਆ, ਨੂਰ ਦੀਨ ਹਾਰ ਖਾ ਕੇ ਭਜ ਗਿਆ।

ਇਸ ਸਮੇਂ ਸਤੰਬਰ ੧੭੬੧ ਨੂੰ ਖਵਾਜਾ ਉਬੇਦ ਦੀ ਜੋ ਸ਼ਾਮਤ ਆਉਣੀ ਸੀ ਇਸ ਨੇ ਗੁਜਰਾਂਵਾਲੇ ਉਪਰ ਚੜ੍ਹਾਈ ਕਰ ਦਿਤੀ। ਸ: ਚੜ੍ਹਤ ਸਿੰਘ ਸ਼ੁਕਰਚਕੀਆ ਭਾਵੇਂ ਏਥੇ ਇਕਲਾ ਸੀ ਪਰ ਬਹੁਤ ਸਾਰੇ ਸਰਦਾਰ ਉਸਦੀ ਮਦਦ ਉਪਰ ਪੁਜ ਗਏ। ਸਿੰਘਾਂ ਦੇ ਹਥ ਵੇਖਕੇ, ਇਕ ਰਾਤ ਖਵਾਜਾ ਉਬੇਦ ਨਸ ਤੁਰਿਆ, ਸਿੰਘਾਂ ਨੇ ਹਲਾ ਕਰਕੇ ਉਸ ਦੀਆਂ ਫੌਜਾਂ ਵਿਚ ਵਾਢ ਪਾ ਦਿਤੀ। ਖਵਾਜ਼ਾ ਉਬੇਦ ਦਾ ਭਾਰੀ ਨੁਕਸਾਨ ਹੋਇਆ। ਇਸ ਸਮੇਂ ਸਿੰਘਾਂ ਬੇਹਦ ਜੰਗੀ ਸਾਮਾਨ ਲੁਟਿਆ। ਮੈਗਰੇਗਰ ਦੀ ਲਿਖਤ ਤੋਂ ਪਤਾ ਲਗਦਾ ਹੈ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਤੇ ਸਰਦਾਰ ਜੈ ਸਿੰਘ ਘਨਈਆ ਦੇ ਹਥ ਇਸ ਲੁਟ 'ਚੋਂ ਕਾਫੀ ਹਿਸਾ ਆਇਆ। †

ਫੇਰ ਦੁਵਾਲੀ ਤੇ ਇਕਠੇ ਹੋਕੇ ਸਿੰਘਾਂ ਲਾਹੌਰ ਤੇ ਚੜ੍ਹਾਈ ਕਰ ਦਿਤੀ। ਖਵਾਜਾ ਉਬੇਦ ਕਿਲੇ ਵਿਚ ਲੁਕ ਗਿਆ ਤੇ ਸਿੰਘਾਂ ਨੇ ਸ਼ਹਿਰ ਤੇ ਕਬਜ਼ਾ ਕਰ ਲਿਆ।

---

†When Khwajha oobeid came out To attack The Goojurwala, he was defeated' leaving his guns and treasure in the hands of the Sikhs. on this occasion, the Ramghureea and ghuneeya Missals share the spoils between them History of the sikhs p. 133 M' Gregor M.D

# ਵੱਡਾ ਘੱਲੂਘਾਰਾ

ਜਦ ਲਾਹੌਰ ਉਪਰ ਸਿੰਘਾਂ ਦੇ ਕਬਜ਼ੇ ਦੀਆਂ ਖਬਰਾਂ ਔਹਮਦ ਸ਼ਾਹ ਨੂੰ ਪੁਜੀਆਂ ਤਾਂ ਉਹ ਬੜਾ ਤਪਿਆ। ਇਸ ਸਮੇਂ ਉਸ ਨੂੰ ਸਿੰਘਾਂ ਦੇ ਨਾਮ ਦਾ ਇਕ ਸਿੱਕਾ ਵੀ ਦਸਿਆ ਗਿਆ। ਉਹ ਜਨਵਰੀ ਸਨ ੧੭੬੨ ਨੂੰ ਇਕ ਚੋਣਵੀਂ ਸੈਨਾ ਲੈਕੇ ਛੇਵੀਂ ਵਾਰ ਕਾਬਲੋਂ ਚੜ੍ਹ ਆਇਆ। ਸਿੰਘਾਂ ਇਸ ਵੇਲੇ ਆਕਲ ਦਾਸ ਨੂੰ ਸੋਧਣ ਲਈ ਜੰਡਿਆਲਾ ਘੇਰਿਆ ਹੋਇਆ ਸੀ, ਪਰ ਜਾਂ ਦੁਰਾਨੀ ਦੇ ਆਉਣ ਦਾ ਉਹਨਾਂ ਨੂੰ ਪਤਾ ਲਗਾ ਤਾਂ ਉਹ ਮਾਲਵੇ ਵਲ ਨੂੰ ਹਟ ਗਏ।

ਔਹਮਦ ਸ਼ਾਹ ਦੁਰਾਨੀ ਨੇ ਹੁਣ ਮਰਹਟਿਆਂ ਤੋਂ ਬਾਦ ਸਿੰਘਾਂ ਨੂੰ ਨਾਸ ਕਰ ਦੇਣ ਦਾ ਪੱਕਾ ਇਰਦਾ ਕਰ ਲਿਆ ਸੀ। ਸੋ ਉਹ ਬੜੀ ਤੇਜ਼ੀ ਨਾਲ ੪੮ ਘੰਟਿਆਂ ਦੇ ਅੰਦਰ ਅੰਦਰ ੧੫੦ ਮੀਲਾਂ ਦਾ ਪੰਧ ਮਾਰਕੇ ਮਲੇਰ ਕੋਟਲੇ ਦੇ ਲਾਗੇ ਓਹਨਾਂ ਦੇ ਪਿਛੇ ਆ ਪੁਜਾ। ਏਥੇ ਸਿੰਘ ਜੈਨ ਖਾਂ ਸੂਬਾ ਸਰਹੰਦ ਨੇ ਰੋਕੇ ਹੋਏ ਸਨ। ਔਹਮਦ ਸ਼ਾਹ ਪਿੰਡ ਕੁਪ ਕੋਲ ਉਹਨਾਂ ਉਤੇ ਜਾ ਪਿਆ। ਇਸ ਵੇਲੇ ਸਿੰਘਾਂ ਨਾਲ ਬਾਲ ਬਚੇ ਦੀ ਵਹੀਰ ਵੀ ਸੀ ਜਿਸ ਕਰਕੇ ਉਹਨਾਂ ਨੂੰ ਸਖ਼ਤ ਔਕੜ ਦਾ ਸਾਹਮਣਾ ਕਰਨਾ ਪਿਆ। ਸਿੰਘਾਂ ਅਤੇ ਪਠਾਣਾ ਦਾ ਇਕ ਭਿਆਨਕ ਜੁਧ ਮਚਿਆ। ਇਸ ਜੁਧ ਨੂੰ ਇਤਿਹਾਸ ਵਿਚ ਵਡਾ ਘਲੂਘਾਰਾ ਆਖਦੇ ਹਨ। ਸਿੰਘਾਂ ਦਾ ਇਸ ਲੜਾਈ ਵਿਚ ਬੜਾ ਭਾਰੀ ਜਾਨੀ ਨੁਕਸਾਨ ਹੋਇਆ। ਕੋਈ ਸਿੰਘ ਸਰਦਾਰ ਹੋਊ ਜੋ ਜ਼ਖਮੀ ਨਾ ਹੋਇਆ ਹੋਵੇ। ਰਤਨ ਸਿੰਘ ਭੰਗੂ ਆਖਦਾ ਹੈ ਸ: ਜੱਸਾ ਸਿੰਘ ਆਹਲੂ ਵਾਲੀਏ ਨੇ ਇਸ

ਲੜਾਈ ਵਿਚ ਬਾਈ ਜ਼ਖਮ ਖਾਧੇ। ਕਹਿੰਦੇ ਹਨ ਕਿ ਇਸ ਸਮੇਂ ਸਰਦਾਰ ਜੱਸਾ ਸਿੰਘ ਆਹਲੂ ਵਾਲੀਏ ਨੂੰ ਅਤਯੰਤ ਘਾਇਲ ਤੱਕ ਕੇ ਕਈ ਸਿੰਘ ਸਰਦਾਰਾਂ ਜਿਵੇਂ ਸ: ਜੱਸਾ ਸਿੰਘ ਰਾਮਗੜ੍ਹੀਆ ਸ: ਜੈ ਸਿੰਘ ਘਨਈਆ ਸ: ਹਰੀ ਸਿੰਘ ਭੰਗੀ ਆਦਿ ਨੇ ਉਸ ਦੇ ਗਿਰਦ ਘੇਰਾ ਪਾਲਿਆ ਅਤੇ ਇਸ ਤਰਾਂ ਲੜ ਦੇ ਲੜ ਦੇ ਸਿੰਘ ਕੁਤਬਾ ਪਿੰਡ ਕੋਲ ਆ ਪੁਜੇ। ਏਥੇ ਇਕ ਪਾਣੀ ਦੀ ਢਾਬ ਸੀ ਜਿਥੇ ਪਾਣੀ ਪੀ ਕੇ ਸਿੰਘ ਫੇਰ ਤਾਜ਼ਾ ਦਮ ਹੋ ਗਏ। ਸਿੰਘਾਂ ਨੇ ਇਸ ਢਾਬ ਤੇ ਦੁਰਾਨੀ ਦੇ ਚੰਗੇ ਆਹੂ ਲਾਹੇ। ਅੰਤ ਐਹਮਦ ਸ਼ਾਹ ਅਬਦਾਲੀ ਨੇ ਸਿੰਘਾਂ ਦਾ ਬਰਨਾਲੇ ਤਕ ਪਿਛਾ ਕਰਕੇ, ਪਿਛਾ ਛਡ ਦਿਤਾ। ਇਹ ਘਲੂਘਾਰਾ ੫ ਫਰਵਰੀ ੧੭੬੨ ਨੂੰ ਹੋਇਆ। ਇਤਿਹਾਸਕਾਰਾਂ ਦਾ ਖਿਆਲ ਹੈ ਇਸ ਰਣ ਤੱਤੇ ਵਿਚ ਪੰਜੀ ਤੀਹ ਹਜ਼ਾਰ ਦੇ ਲਗ ਭਗ ਸਿੰਘ ਸ਼ਹੀਦ ਹੋਏ। ਅਬਦਾਲੀ ਨੇ ਇਸ ਸਮੇਂ ਖਿਆਲ ਕਰ ਲਿਆ ਸੀ ਜੁ ਸਿੰਘ ਹੁਣ ਨਹੀਂ ਉਠ ਸਕਦੇ।

ਅਬਦਾਲੀ ਘਲੂਘਾਰਾ ਕਰਕੇ ਜਦ ਅਮ੍ਰਿਤਸਰ ਆਇਆ ਉਸ ਨੇ ਬਰੂਦ ਦੀਆਂ ਸੁਰੰਗਾਂ ਲਾਕੇ ਹਰਿ ਮੰਦਰ ਸਾਹਿਬ ਨੂੰ ਢਾ ਦਿਤਾ। ਉਹ ੩ ਮਾਰਚ ਨੂੰ ਲਾਹੌਰ ਮੁੜਿਆ। ਏਥੇ ਇਸ ਨੇ ਸਿੰਘ ਦੇ ਸਿਰਾਂ ਦੇ ਮਿਨਾਰ ਬਣਾਏ। ਅਤੇ ਇਸ ਸਮੇਂ ਦੇਸ਼ ਦੇ ਸ ਜ਼ਿਮੀਦਾਰਾਂ ਸਰਕਾਰੀ ਹਾਕਮਾਂ ਅਤੇ ਫਰਮਾਂ ਬਰਦਾਰਾਂ ਨੂੰ ਸਦ ਸਿੰਘਾਂ ਨੂੰ ਮਿਟਾ ਦੇਣ ਦੀਆਂ ਹਦੈਤਾਂ ਕੀਤੀਆਂ। ਅਬਦਾਲ ਲਾਹੌਰ ਦੀ ਗਰਮੀ ਬਰਦਾਸ਼ਤ ਨਹੀਂ ਸੀ ਕਰ ਸਕਦਾ ਇ ਕਰਕੇ ਉਹ ਲਾਹੌਰ ਤੋਂ ਕਲਾਨੌਰ ਆ ਗਿਆ।

ਐਹਮਦ ਸ਼ਾਹ ਅਬਦਾਲੀ ਨੇ ਘਲੂਘਾਰਾ ਕਰਕੇ ਸ ਲਿਆ ਸੀ, ਬਸ ਸਿੰਘ ਹੁਣ ਖਤਮ ਹੋ ਗਏ। ਉਸ ਦਾ ਖਿਆਲ ਜਿਵੇਂ ਪਾਣੀ ਪਤ ਦੀ ਲੜਾਈ ਵਿਚ ਮਰਹਟੇ ਬਸ ਹੋ ਗਏ ਐ

ਸਿੰਘ ਵੀ। ਏਹੋ ਗਲ ਸੀ ਜੋ ਉਹ ਘਲੂਘਾਰੇ ਦਾ ਨਤੀਜਾ ਵੇਖਣ ਲਈ ਕਲਾਨੌਰ ਬੈਠਾ ਸੀ। ਪਰ ਉਸ ਦੀ ਹੈਰਾਨੀ ਦੀ ਹਦ ਨਾਂ ਰਹੀ ਜਦੋਂ ਇਨ੍ਹਾਂ ਦਿਨਾਂ ਵਿਚ ਉਸ ਨੂੰ ਖਬਰਾਂ ਪੁਜੀਆਂ, ਸਿੰਘਾਂ ਨੇ ਜ਼ੈਨ ਖਾਂ ਫੌਜਦਾਰ ਸਰਹੰਦ ਨੂੰ ਭਾਰੀ ਸ਼ਕਸਤ ਦੇ ਕੇ, ਪੰਜਾਹ ਹਜ਼ਾਰ ਨਜ਼ਰਾਨਾ ਲੈ ਲਿਆ ਉਹ ਵੇਖ ਰਿਹਾ ਸੀ, ਸਿੰਘ ਕੁਝ ਚਿਰ ਮਾਲਵੇ ਵਿਚ ਆਰਾਮ ਕਰਕੇ ਫੇਰ ਮਾਝ ਅਤੇ ਰਿਆੜਕੀ ਵਲ ਆ ਨਿਕਲੇ ਹਨ। ਉਸ ਨੇ ਕਈ ਵਾਰੀ ਸਿੰਘਾਂ ਦੀ ਸੋਧ ਲਈ ਫੌਜਾਂ ਚਾੜ੍ਹੀਆਂ ਪਰ ਨਿਸਫਲ, ਕੁਝ ਨਾਂ ਬਣਿਆ। ਇਸ ਸਮੇਂ ਸਿੰਘਾਂ ਦੇ ਛਾਪਿਆਂ ਨੇ ਉਸ ਦਾ ਨਕ ਵਿਚ ਦਮ ਕਰ ਦਿਤਾ। ਸਿੰਘਾਂ ਨੇ ਉਸ ਦੇ ਵੇਖਦਿਆਂ ਵੇਖਦਿਆਂ ਦੁਆਬਾ ਉਗਰਾਹ ਲਿਆ। ਇਸ ਸਮੇਂ ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਅਤੇ ਸਰਦਾਰ ਜੋ ਸਿੰਘ ਘਨਈਆ ਨੇ ਅਹਿਮਦ ਸ਼ਾਹ ਨੂੰ ਉਹ ਹਥ ਵਿਖਾਏ ਜੁ ਉਸ ਨੂੰ ਨਾਨੀ ਚੇਤੇ ਆ ਗਈ। ਸੱਯਦ ਮੁਹਿਮੰਦ ਲਤੀਫ ਲਿਖਦਾ ਹੈ ਇਹ ਦੋਵੇਂ ਸਰਦਾਰ ਜੰਗਲ ਵਿਚੋਂ ਨਿਕਲਦੇ ਅਤੇ ਦੁਰਨੀ ਦੀਆਂ ਫੌਜਾਂ ਤੇ ਹੱਲਾ ਕਰਕੇ ਉਨ੍ਹਾਂ ਨੂੰ ਲੁਟਦੇ, ਮਾਰਦੇ ਅਤੇ ਫੇਰ ਜੰਗਲ ਵਿਚ ਜਾ ਵੜਦੇ।

ਇਸ ਵਕਤ ਸਿੰਘਾਂ ਦੇ ਦਿਲ ਵਿਚ ਘਲੂਘਾਰੇ ਦੇ ਬਦਲੇ ਦੀ ਅੱਗ ਭੜਕ ਰਹੀ ਸੀ ਤੇ ਹਰਿਮੰਦਰ ਦਾ ਹੋਇਆ ਅਪਮਾਨ ਚੈਨ ਨਹੀਂ ਸੀ ਲੈਣ ਦਿੰਦਾ। ਕਹਿੰਦੇ ਹਨ ਇਕ ਦਿਨ ਅਹਿਮਦ ਸ਼ਾਹ ਨੂੰ ਪਤਾ ਲਗਾ ਸਿੰਘਾਂ ਦਾ ਇਕ ਬੜਾ ਭਾਰੀ ਦਲ ਅੰਮ੍ਰਿਤਸਰ ਇਕੱਠਾ ਹੋਇਆ ਹੈ ਅਤੇ ਉਹ ਲਾਹੌਰ ਤੇ ਹਮਲਾ ਕਰਨਾ ਚਾਹੁੰਦਾ ਹੈ। ਇਹ ਸੁਣਕੇ ਅਬਦਾਲੀ ਡਰ ਗਿਆ। ਉਹ ਘਲੂਘਾਰੇ ਵਿਚ ਸਿੰਘਾਂ ਦੀ ਤੇਗ ਵੇਖ ਚੁਕਾ ਸੀ। ਨਾਲੇ ਹੁਣ ਉਸ ਦੇ ਕੋਲ ਫੌਜ ਵੀ ਘਟ ਸੀ। ਉਸ ਦੀ ਬਹੁਤ ਸਾਰੀ ਸੈਨਾ ਕਸ਼ਮੀਰ ਦੀ ਮੁਹਿਮ ਤੇ ਚਲੀ

ਗਈ ਸੀ। ਉਸ ਨੇ ਸਿੰਘਾਂ ਨਾਲ ਮੇਲ ਕਰਨਾ ਚਾਹਇਆ ਜੁ ਕਿਸੇ ਤਰਾਂ ਇਹ ਵਕਤ ਟਲ ਜਾਏ। ਕਹਿੰਦੇ ਹਨ ਜਿਹੜਾ ਦੂਤ ਅਬਦਾਲੀ ਨੇ ਸਿੰਘਾਂ ਪਾਸ ਮੇਲ ਲਈ ਘਲਿਆ, ਉਸ ਨੂੰ ਸਿੰਘਾਂ ਨੇ ਲੁਟ ਲਿਆ ਅਤੇ ਉਸ ਦੀ ਭੁਗਤ ਸਵਾਰਕੇ ਆਪਣੇ ਦਲ ਚੋਂ ਬਾਹਰ ਕਢ ਦਿਤਾ।

ਅਖੀਰ ਅਹਿਮਦ ਸ਼ਾਹ ਅਤੇ ਸਿੰਘਾਂ ਦਾ ਅਮ੍ਰਿਤਸਰ ਭਾਰੀ ਜੁਧ ਪਿਆ ਜਿਸ ਵਿਚ ਅਬਦਾਲੀ ਬੁਰੀ ਤਰਾਂ ਹਾਰ ਖਾਕੇ ਰਾਤ ਦੇ ਹਨੇਰੇ ਵਿਚ ਲਾਹੌਰ ਨੂ ਨਸ ਗਿਆ। ਸਿੰਘਾਂ ਨੇ ਦੁਰਾਨੀਆਂ ਦੀਆਂ ਫੌਜਾਂ ਦੇ ਸੱਥਰ ਵਿਛਾ ਦਿਤੇ। ਸਭ ਕੁਝ ਲੁਟ ਲਿਆ। ਖਾਲਸੇ ਨੇ ਘਲੂਘਾਰੇ ਦਾ ਬਦਲਾ ਤੱਤੇ ਘਾਉ ਲੈ ਲਿਆ। ਅਜੇ ਅਬਦਾਲੀ ਲਾਹੌਰ ਹੀ ਸੀ ਜੁ ਕਸ਼ਮੀਰ ਨੂ ਫਤਹ ਕਰਕੇ ਉਸ ਦੀਆਂ ਫੌਜਾਂ ਝੰਡੇ ਉਛਾਲ ਦੀਆਂ ਆ ਗਈਆਂ। ਉਸ ਨੇ ਹੁਣ ਫੇਰ ਸਿੰਘਾਂ ਉਤੇ ਚੜ੍ਹਾਈ ਕੀਤੀ ਪਰ ਕੋਈ ਸਫਲਤਾ ਨਾ ਹੋਈ। ਆਖਰ ਉਹ ਘਮੰਡ ਚੰਦ ਕਾਂਗੜੇ ਵਾਲੇ ਨੂ ਬਿਆਸ ਤੇ ਸਤਲੁਜ ਦਾ ਪਹਾੜੀ ਇਲਾਕਾ ਤੇ ਰਾਜੇ ਦਾ ਖਿਤਾਬ, ਸਆਦਤ ਯਾਰ ਖਾਂ ਨੂੰ ਜਲੰਧਲ ਦੁਆਬ। ਮੁਰਾਦ ਖਾਂ ਨੂ ਉਪਰਲਾ ਬਾਰੀ ਦੁਆਬਾ ਅਤੇ ਰਾਜਾ ਕਾਬਲੀ ਮਲ ਨੂ ਲਾਹੌਰ ਦੀ ਸੂਬੇਦਾਰੀ ਦੇਕੇ ੧੨ ਦਸੰਬਰ ਸਨ ੧੭੬੨ ਨੂ ਕਾਬਲ ਨੂ ਤੁਰ ਗਿਆ। ਆਖਦੇ ਹਨ ਇਸ ਸਮੇਂ ਉਸ ਦੇ ਆਪਣੇ ਦੇਸ਼ ਵਿਚ ਕੋਈ ਬਗਾਵਤ ਉਠ ਖਲੋਤੀ ਸੀ।

* * * * *

# ਕਸੂਰ ਦੀ ਜਿਤ !

ਜਿਉਂ ਹੀ ਅਹਿਮਦ ਸ਼ਾਹ ਆਪਣੇ ਦੇਸ਼ ਨੂ ਪਿਛਾਂ ਪਰਤਿਆ ਸਿੰਘਾਂ ਲਾਹੌਰ ਉਪਰ ਹੱਲਾ ਬੋਲ ਦਿਤਾ ਅਤੇ ਪਿਛੇ ਰਹੇ ਅਫਗਾਨਾਂ ਨੂ ਉਨ੍ਹਾਂ ਦੀਆਂ ਕੀਤੀਆਂ ਦਾ ਚੰਗੀ ਤਰਾਂ ਫਲ ਭੁਗਤਾਇਆ। ਫੇਰ ਦਲ ਖਾਲਸੇ ਦਾ ਇਕ ਭਾਗ, ਬੁਢਾ ਦਲ, ਦੁਆਬੇ ਵਲ ਸੋਧ ਕਰਨ ਨੂ ਚੜ੍ਹ ਪਿਆ ਅਤੇ ਦੂਜਾ ਭਾਗ, ਤਰਨਾ ਦਲ ਮਾਝੇ ਵਿਚ ਰਿਹਾ। ਤਰਨਾ ਦਲ ਦੀਆਂ ਪੰਜਾਂ ਮਿਸਲਾਂ ਰਾਮਗੜ੍ਹੀਆਂ ਘਨਈਆਂ ਭੰਗੀਆਂ ਸੁਕਰ ਚੁਕੀਆਂ ਅਤੇ ਨਕਈਆਂ ਨੇ ਇਸ ਸਮੇਂ ਆਪਣਾ ਟਿਕਾਣਾ ਅਮ੍ਰਿਤਸਰ ਰਖਿਆ ਤੇ ਆਲੇ ਦੁਆਲੇ ਤੇ ਤੋਹਤ ਜਮਾ ਕੇ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਅਰੰਭ ਕੀਤੀ। ਸਰੋਵਰ ਅਬਦਾਲੀ ਮਿੱਟੀ ਨਾਲ ਪੂਰ ਗਿਆ ਸੀ ਜੋ ਮੁੜ ਕੇ ਸਾਫ ਕੀਤਾ ਗਿਆ ਭਾਵੇਂ ਹਰਿ ਮੰਦਰ ਅਤੇ ਇਸ ਦਾ ਚਫੇਰਾ ਇਸ ਵੇਲੇ ਖੰਡਰ ਹੋਇਆ ਪਿਆ ਸੀ ਪਰ ਸਿੰਘਾਂ ਦੇ ਅਥਾਹ ਪ੍ਰੇਮ ਅਤੇ ਉਤਸ਼ਾਹ ਨੇ ਰੌਣਕਾਂ ਲਾ ਛਡੀਆਂ ਸਨ। ਸਿੰਘਾਂ ਦੇ ਨਿਤ ਦੀਵਾਨ ਲਗਦੇ ਸਨ। ਲੋਕ ਵੀ ਦਰਸ਼ਨਾਂ ਨੂ ਆਉਣ ਲਗ ਪਏ ਸਨ।

ਇਨ੍ਹਾਂ ਦਿਨਾਂ ਦੀ ਗਲ ਹੈ. ਗਰਮੀਆਂ ਦੇ ਦਿਨ ਸਨ, ਜੇਠ ਦਾ ਮਹੀਨਾ। ਇਕ ਦਿਨ ਅਕਾਲ ਤਖਤ ਦੇ ਸਾਹਮਣੇ ਸਿੰਘਾਂ ਦਾ ਭਾਰੀ ਦੀਵਾਨ ਲਗਾ ਹੋਇਆ ਸੀ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਸਰਦਾਰ ਹਰੀ ਸਿੰਘ ਭੰਗੀ ਸਰਦਾਰ ਜੈ ਸਿੰਘ ਘਨਈਆ ਸਰਦਾਰ ਚੜ੍ਹਤ ਸਿੰਘ ਸੁਕਰ ਚਕੀਆ ਆਦ ਦੀਵਾਨ ਵਿਚ ਬੈਠੇ ਸਨ। ਇਕ ਬ੍ਰਾਹਮਣ ਆਇਆ ਤੇ ਦੀਵਾਨ ਵਿਚ ਰੋ ਰੋ ਕੇ ਹਾਲ ਪੁਕਾਰ ਕਰਨ ਲਗਾ। ਉਸ ਦੀ ਇਸਤ੍ਰੀ ਕਸੂਰ ਦੇ ਪਠਾਣ ਉਸਮਾਨ ਖਾਂ ਨੇ

ਖੋਹ ਲਈ ਸੀ। ਜਾਂ ਇਸ ਗਲ ਦਾ ਸਿੰਘਾਂ ਸਰਦਾਰਾਂ ਨੂ ਪਤਾ ਲਗਾ ਇਕ ਦਮ ਜੋਸ਼ ਦੀ ਅਗਨੀ ਪ੍ਰਚੰਡ ਹੋ ਗਈ। ਗਰੀਬ ਬ੍ਰਾਹਮਣ ਦੀ ਸਹਾਇਤਾ ਹਿਤ, ਉਸਮਾਨ ਖਾਂਨ ਨੂ ਸੋਧਣ ਲਈ, ਕਸੂਰ ਤੇ ਉਸੇ ਵੇਲੇ ਚੜ੍ਹਾਈ ਕਰ ਦਿਤੀ ਗਈ। ਕਸੂਰ ਦੀ ਬਾਬਤ ਪ੍ਰਸਿਧ ਇਤਿਹਾਸਕਾਰ ਭਾਈ ਕਰਮ ਸਿੰਘ ਲਿਖਦਾ ਹੈ, † ਕਸੂਰ ਨੂ ਜਿੱਤਣਾ ਕੋਈ ਬੱਚਿਆਂ ਦੀ ਖੇਡ ਨਹੀਂ ਸੀ, ਬਹਾਦਰ ਸ਼ਾਹ ਦੇ ਜ਼ਮਾਨੇ ਤੋਂ ਉਸ ਵੇਲੇ ਤਕ ਕਸੂਰ ਨੇ ਕਦੇ ਲਾਹੌਰ ਦੇ ਹਾਕਮ ਨੂੰ ਅਪਣਾ ਹਾਕਮ ਨਹੀਂ ਸੀ ਮਨਿਆ। ਚੂਨੀਆਂ ਦੀ ਲੜਾਈ ਵਿਚ ਅਬਦੁਲ ਸਮਦ ਖਾਂਨ ਨੇ ਕਸੂਰ ਦੀਆਂ ਫੌਜਾਂ ਨੂ ਹਾਰ ਤਾਂ ਦੇ ਦਿਤੀ ਸੀ ਪਰ ਕਸੂਰ ਨੂ ਫਤਹਿ ਕਰਨ ਦਾ ਉਸ ਕਦੇ ਖਿਆਲ ਨਾਂ ਕੀਤਾ, ਅਤੇ ਨਾਂ ਹੀ ਉਹ ਅਜਿਹਾ ਕਰ ਸਕਦਾ ਸੀ। ਜ਼ਕਰੀਆ ਖਾਂਨ ਤੇ ਮੀਰਮੰਨੂ ਦੇ ਜ਼ਮਾਨੇ ਵਿਚ ਵੀ ਕਸੂਰ ਆਜ਼ਾਦ ਹੀ ਰਿਹਾ, ਅਦੀਨਾ ਬੇਗ ਅਤੇ ਮਰਹਟੇ ਵੀ ਇਸ ਨੂ ਫਤਹ ਨਾ ਕਰ ਸਕੇ, ਨਾਦਰ ਸ਼ਾਹ ਦੀ ਫੌਜ ਨੇ ਸਾਰੇ ਪੰਜਾਬ ਨੂ ਮਿਟੀ ਵਿਚ ਮਿਲਾ ਦਿਤਾ ਸੀ, ਪਰ ਕਸੂਰ ਦਾ ਕੁਝ ਨਾਂ ਵਿਗਾੜ ਸਕੀ। ਅਹਿਮਦ ਸ਼ਾਹ ਅਬਦਾਲੀ ਦਾ ਸਮਾਂ ਆਇਆ, ਸਾਰਾ ਹਿੰਦੁਸਤਾਨ ਅਬਦਾਲੀ ਦੀ ਤਲਵਾਰ ਤੋਂ ਕੰਬਣ ਲਗਾ, ਪ੍ਰੰਤੂ ਕਸੂਰ ਬਰਾਬਰ ਸੁਤੰਤ੍ਰ ਰਿਹਾ। ਪੰਜਾਬ ਹਰ ਸਾਲ ਲੁਟਿਆ ਜਾਂਦਾ ਸੀ, ਇਸ ਵਾਸਤੇ ਧਨੀ ਲੋਕਾਂ ਨੇ ਆਪਣੀ ਸਾਰੀ ਦੌਲਤ ਕਸੂਰ ਵਿਚ ਹੀ ਸਾਂਭ ਰਖੀ ਹੋਈ ਸੀ, ਕਿਉਂਕਿ ਕਸੂਰ ਨੂੰ ਮਰਹਟੇ ਵੀ ਨਹੀਂ ਸੀ ਜਿਤ ਸਕੇ, ਭਾਵੇਂ ਕਸੂਰ ਦਾ ਮਾਲ ਲੁਟਣ ਲਈ ਉਹਨਾਂ ਦੀ ਤੀਬਰ ਇੱਛਾ ਸੀ। ਗਲ ਕੀ ਸੰਮਤ ੧੭੬੩

---

†ਬੰਦਾ ਬਹਾਦਰ ਕੌਣ ਸੀ ? ਦੀ ਭੂਮਕਾ।

ਕਰਮ ਸਿੰਘ ਹਿਸਟੋਰੀਅਨ।

ਤੋਂ ੧੮੧੭ ਬਿਕ੍ਰਮੀ ਤਕ ਕਸੂਰ ਦੇ ਅਫਗਾਨਾਂ ਨੇ ਲਾਹੌਰ ਦੇ ਸ਼ਾਹੀ ਖਜ਼ਾਨੇ ਵਿਚ ਇਕ ਪਾਈ ਤਕ ਨਹੀਂ ਸੀ ਦਿਤੀ ਅਤੇ ਸਤਲੁਜ ਤੋਂ ਲੈਕੇ ਕਾਨੇ ਕਾਛੇ ਤਕ ਸਾਰੇ ਇਲਾਕੇ ਦੇ ਉਹ ਸੁਤੰਤ੍ਰ ਹਾਕਮ ਬਣੇ ਬੈਠੇ ਸਨ।,, ਪਰ ਕਸੂਰ ਸਿੰਘਾਂ ਅਗੇ ਨਾਂ ਅੜ ਸਕਿਆ। ਮਈ ਸਨ ੧੭੬੩ ਦੀ ਇਕ ਸੜਦੀ ਬਲਦੀ ਦੁਪਹਿਰੇ ਸਿੰਘਾਂ ਕਸੂਰ ਜਾ ਮਾਰਿਆ। ਪਠਾਣਾਂ ਦੀਆਂ ਬਾਰਾਂ ਗੜ੍ਹੀਆ ਫਤਹ ਕੀਤੀਆਂ ਗਈਆਂ। ਉਸਮਾਨ ਖਾਂ ਦੇ ਟੋਟੇ ਕੀਤੇ ਗਏ ਅਤੇ ਬ੍ਰਹਾਮਣੀ ਬਹਾਮਣ ਦੇ ਹਵਾਲੇ ਕੀਤੀ ਗਈ। ਇਤਿਹਾਸਕਾਰ ਕਹਿੰਦੇ ਹਨ ਇਸ ਸਮੇਂ ਸਿੰਘਾਂ ਦੇ ਹਥ ਬੇਅੰਤ ਧਨ ਆਇਆ। ਹਰੀ ਰਾਮ ਗੁਪਤਾ ਆਪਣੇ ਇਤਿਹਾਸ ਦੇ ੧੮੫ ਸਫੇ ਦੇ ਫੁਟ ਨੋਟ ਵਿਚ ਲਿਖਦਾ ਹੈ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਕਸੂਰ ਦੀ ਲੁਟ ਚੋਂ ਐਨਾਂ ਹੀਰਾ ਮੋਤੀ ਅਤੇ ਸੋਨਾ ਲਭਾ ਜੁ ਚਾਰ ਤਗੜੇ ਆਦਮੀ ਇਕ ਵਡੇ ਮੰਜੇ ਤੇ ਚੁਕ ਕੇ ਲਿਆਏ।

ਇਸ ਲੜਾਈ ਵਿਚ ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਸਬੰਧੀ ਗਿਆਨੀ ਗਿਆਨ ਸਿੰਘ ਲਿਖਦਾ।

"ਇਹ ਸ: ( ਜੱਸਾ ਸਿੰਘ ਰਾਮਗੜ੍ਹੀਆ )ਜਦੋਂ ਸਿੱਖਾਂ ਨੇ ਕਸੂਰ ਜਿਤਿਆ ਤਦ ਉਸ ਵੇਲੇ ਭੀ ਇਹ ਨਾਲ ਸੀ, ਜਿਸ ਤੋਂ ਇਹ ਸ੍ਰਦਾਰ ਬੜਾ ਹੀ ਪ੍ਰਸਿਧ ਹੋਇਆ *।"

ਇਸ ਸਮੇਂ ਲੁਟ ਦੀ ਵੰਡ ਸਬੰਧੀ ਰਾਮਗੜ੍ਹੀਆਂ ਅਤੇ ਘਨਈਆਂ ਦਾ ਆਪਸ ਵਿਚ ਅਜੋੜ ਹੋ ਗਿਆ ਸੀ।

---

* ਰਾਜ ਖਾਲਸਾ ਸਫਾ–੧੭।

# ਜਹਾਨ ਖਾਂ ਮਾਰ ਖਾਕੇ ਭਜ ਗਿਆ

## ਸਰਹੰਦ ਦੀ ਅੰਤਲੀ ਫਤਹ---ਜ਼ੈਨ ਖਾਂ ਮਾਰਿਆ ਗਿਆ।

ਕਸੂਰ ਦੀ ਫਤਹਿ ਨੇ ਸਿੰਘਾਂ ਦੀ ਸਾਰੇ ਦੇਸ਼ ਵਿਚ ਧੁਮ ਪਾ ਦਿਤੀ ਸੀ। ਹੁਣ ਲਾਹੌਰ ਉਤੇ ਦੁਰਾਨੀਆਂ ਦਾ ਕਬਜ਼ਾ ਲੋਕਾਂ ਨੂੰ ਐਵੇਂ ਕੇਵੇਂ ਹੀ ਲਗਦਾ ਸੀ ਅਸਲ ਵਿਚ ਦੁਨੀਆਂ ਹੁਣ ਸਮਝ ਗਈ ਸੀ ਜੁ ਸਿੰਘਾਂ ਤੋਂ ਸਿਵਾ ਪੰਜਾਬ ਦਾ ਕੋਈ ਮਾਲਕ ਨਹੀਂ। ੧੭੬੩ ਦੀ ਦੀਵਾਲੀ ਆਈ, ਇਨ੍ਹੀ ਦਿਨੀਂ ਸਿੰਘਾਂ ਨੂੰ ਖਬਰ ਪੁਜੀ, ਅਹਿਮਦ ਸ਼ਾਹ ਦਾ ਸੈਨਾ ਪਤੀ ਜਹਾਨ ਖਾਂ ਚੜ੍ਹ ਕੇ ਆ ਰਿਹਾ ਹੈ, ਸਿੰਘਾਂ ਨੇ ਫੈਸਲਾ ਕੀਤਾ ਇਸ ਨੂੰ ਰਾਹ ਵਿਚ ਹੀ ਲੈ ਲੈਣਾ ਚਾਹੀਦਾ ਹੈ। ਅਜੇ ਉਹ ਝਨਾਂ ਟਪਿਆ ਹੀ ਸੀ ਜੁ ਦਲ ਖਾਲਸੇ ਨੇ ਵਜ਼ੀਰਾ ਬਾਦ ਕੋਲ ਹੱਲਾ ਕਰਕੇ, ਉਸ ਨੂੰ ਮਾਰ ਭਜਾਇਆ। ਦਸੰਬਰ ੧੭੬੩ ਨੂੰ ਸਿੰਘਾਂ ਨੇ ਮਾਲਵੇ ਵਲ ਰੁਖ ਕੀਤਾ, ਅਤੇ ਮਲੇਰ ਕੋਟਲਾ ਜਾ ਘੇਰਿਆ, ਮਲੇਰ ਕੋਟਲੇ ਦਾ ਨਵਾਬ ਭੀਖਮ ਖਾਂ ਬੜੀ ਦਲੇਰੀ ਨਾਲ ਲੜਿਆ ਪਰ ਗੋਲੀ ਨਾਲ ਪਾਰ ਬੋਲਿਆ। ਹੁਣ ਖਾਲਸਾ ਮੁਰੀਂਡੇ ਗਿਰਦੇ ਜਾ ਹੋਇਆ, ਫੇਰ ਗੰਗੂ ਬ੍ਰਾਹਮਣ ਦੇ ਪਿੰਡ ਖੇੜੀ ਦੀ ਜਾ ਖਬਰ ਲਈ। ਇਨ੍ਹਾਂ ਦਿਨਾਂ ਵਿਚ ਇਕ ਦਿਨ ਸਿੰਘਾਂ ਨੂੰ ਕਿਸੇ ਦਸਿਆ, ਜ਼ੈਨ ਖਾਂ ਸੂਬਾ ਸਰਹੰਦ ਦਾ ਦੀਵਾਨ ਲਛਮੀ ਨਰੈਨ ਇਲਾਕੇ ਵਿਚ ਮਾਮਲਾ ਉਗਰਾਹ ਰਿਹਾ ਹੈ, ਸਿੰਘਾਂ ਨੇ ਖਬਰ ਸੁਣਦਿਆਂ ਹੀ ਉਸ ਨੂ ਜਾ ਦਬਾਇਆ ਅਤੇ ਲੁਟ ਪੁਟ ਲਿਆ। ੧੪ ਜਨਵਰੀ ਸਨ ੧੭੬੪ ਨੂ ਸਿੰਘਾਂ ਨੇ ਸਰਹੰਦ ਜਾ ਮਾਰੀ। ਜ਼ੈਨ ਖਾਂ ਸੂਬਾ ਸਰਹੰਦ ਨੇ ਘਲੂਘਾਰੇ ਵਿਚ ਸਿੰਘਾਂ ਦਾ ਅਤ ਦਾ ਨੁਕਸਾਨ ਕੀਤਾ ਸੀ, ਸਿੰਘ ਇਸ ਨੂੰ

ਭੁਲੇ ਨਹੀਂ ਸਨ । ਨਾਲੇ ਸਰਹੰਦ ਨੂੰ ਬਰਬਾਦ ਕਰਨਾ ਹਰ ਸਿੰਘ ਆਪਣਾ ਧਰਮ ਸਮਝਦਾ ਸੀ, ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਸੂਮ ਬੱਚੇ ਅਤਿ ਬੇ-ਤਰਸੀ ਨਾਲ ਸ਼ਹੀਦ ਕੀਤੇ ਗਏ ਸਨ ।

ਇਸ ਲੜਾਈ ਦੀ ਬਾਬਤ ਲਿਖਦਾ ਹੋਇਆ ਹਰੀ ਰਾਮ ਗੁਪਤਾ ਆਖਦਾ ਹੈ, ਜ਼ੈਨ ਖਾਂ ਨੇ ਸਮਝ ਲਿਆ ਸੀ ਜੁ ਸਿੰਘਾਂ ਨਾਲ ਅੰਤਮ ਹਥ ਕਰਨ ਦਾ ਸਮਾ ਆ ਪੁਜਾ ਹੈ । ਉਹ ਬੁਝਿਆ ਹੋਇਆ ਸੀ ਕਿਉਂਕਿ ਉਸ ਨੂੰ ਇਸ ਸਮੇਂ ਸਹਾਇਤਾ ਦੀ ਕਿਸੇ ਵਲੋਂ ਆਸ ਨਹੀਂ ਸੀ ਰਹੀ । ਅਹਿਮਦ ਸ਼ਾਹ ਅਬਦਾਲੀ ਦੂਰ ਕੰਧਾਰ ਬੈਠਾ ਸੀ । ਉਸ ਦਾ ਮਿਤਰ ਨਵਾਬ ਮਲੇਰ ਕੋਟਲਾ ਪਾਰ ਬੋਲ ਚੁਕਾ ਸੀ । ਸਆਦਤ ਯਾਰ ਖਾਂ ਜਲੰਧਰ ਵਿਚ ਸੀ ਪਰ ਨਾਂ ਹੋਇਆਂ ਬਰਾਬਰ । ਕਾਬਲੀ ਮਲ ਸੂਬਾ ਲਾਹੌਰ ਵੀ ਬੇ-ਪਰੇ ਪੰਛੀ ਵਾਂਗ ਸੀ । ਸਿੰਘਾਂ ਦੀ ਫੌਜ ਦੇ ਇਸ ਵੇਲੇ ਤ੍ਰਿਨ ਭਾਗ ਬਣੇ ਹੋਏ ਸਨ, ਸਰਦਾਰ ਜੱਸਾ ਸਿੰਘ ਆਹਲੂਵਾਲਿਆ ਬੁਢੇ ਦਲ ਨਾਲ ਭਾਗਨ ਪੁਰ ਬੈਠਾ ਸੀ । ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਤਰਨੇ ਦਲ ਨਾਲ ਪਿੰਡ ਪੰਜੇ ਕੋਲ ਸੀ ਅਤੇ ਬਾਬਾ ਆਲਾ ਸਿੰਘ ਫੂਲਕੀਆਂ ਮਿਸਲ ਨਾਲ ਪਟਿਆਲੇ ।

ਜ਼ੈਨ ਖਾਂ ਨੇ ਸਮਝਿਆ ਸਿੰਘ ਖਿਲਰੇ ਹੋਏ ਹਨ, ਪਹਿਲ ਕਰ ਦਿਤੀ ਜਾਵੇ । ਤਰਕਾਲਾਂ ਨੂੰ ਉਸ ਨੇ ਤਰਨਾ ਦਲ ਤੇ ਹਮਲਾ ਕਰ ਦਿਤਾ । ਪਰ ਉਸ ਨੂੰ ਇਹ ਪਤਾ ਨਹੀਂ ਸੀ ਜੁ ਉਸੇ ਦਿਨ ਸਿੰਘਾਂ ਨੇ ਸਰਹੰਦ ਤੇ ਹੱਲਾ ਕਰਨ ਲਈ ਤਿੰਨਾਂ ਦਲਾਂ ਨੂੰ ਖਬਰਾਂ ਭੇਜ ਦਿਤੀਆਂ ਹੋਈਆਂ ਸਨ ਅਤੇ ਸਿੰਘਾਂ ਦੀ ਸੈਨਾ ਦੇ ਤਿੰਨੇ ਭਾਗ ਆਪੋ ਆਪਣਿਓਂ ਟਿਕਾਣਿਓਂ ਚਲ ਪਾਏ ਸਨ । ਤਰਨਾ ਦਲ ਉਪਰ ਜ਼ੈਨ ਖਾਂ ਦੇ ਹੱਲੇ ਦੀ ਖਬਰ ਜਦ ਸਿੰਘਾਂ ਦੀ ਫੌਜ ਦੇ ਦੋ ਹਿੱਸਿਆਂ ਨੂੰ ਲਗੀ ਤਾਂ ਜ਼ੈਨ ਖਾਂ ਨੂੰ ਤਿੰਨਾਂ ਪਾਸਿਆਂ ਤੋਂ ਘੇਰ ਲਿਆ ਗਿਆ,

ਜ਼ੈਨ ਖਾਂ ਐਦਾਂ ਖਾਲਸੇ ਦੀ ਸੈਨਾ ਵਿਚ ਫਸ ਗਿਆ ਜਿਦਾਂ ਦੋ ਸਾਲ ਪਹਿਲਾਂ ਘਲੂਘਾਰੇ ਵਿਚ ਸਿੰਘ ਫ਼ਸ ਗਏ ਸਨ। ਸਰਹੰਦ ਤੋਂ ਸਤ ਮੀਲ ਦੀ ਵਿਥ ਤੇ ਇਕ ਖੂਨੀ ਲੜਾਈ ਹੋਈ। ਜ਼ੈਨ ਖਾਂ ਮਾਰਿਆ ਗਿਆ। ਸਰਹੰਦ ਨੂੰ ਸਿੰਘਾਂ ਲੁਟ ਕੇ ਬਰਬਾਦ ਕਰ ਦਿਤਾ ਦਿਤਾ। ਗਿਆਨੀ ਗਿਆਨ ਸਿੰਘ ਲਿਖਦਾ ਹੈ ਇਸ ਲੜਾਈ ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਬੇ-ਹਦ ਸੂਰਮਤਾ ਵਿਖਾਈ §।

---

§ ਰਾਜ ਖਾਲਸਾ।

ਨੋਟ:- ਕਹਿੰਦੇ ਹਨ ਜਿਉਂ ਹੀ ਸਰਹੰਦ ਫਤਹ ਹੋਈ ਸਭ ਸਿੰਘ ਸਰਦਾਰ ਘੋੜਿਆਂ ਤੇ ਸਰਪਟ ਚੜ੍ਹ ਦੌੜੇ, ਹਰ ਮਿਸਲਦਾਰ ਕਿਸੇ ਪਿੰਡ ਆਪਣਾ ਕਮਰ ਕਸਾ ਸੁਟਦਾ, ਕਿਸੇ ਪਿੰਡ ਮਿਆਨ, ਕਿਸੇ ਪਿੰਡ ਕੰਬਲ, ਚਾਦਰ, ਕੁੜਤਾ, ਨੇੜ੍ਹਾ ਆਦਿਕ ਏਥੋਂ ਤਕ ਕਿ ਰਾਤ ਦਿਨ ਦੌੜਦਾ ਪਿੰਡਿਓਂ ਨੰਗਾ ਹੋ ਜਾਂਦਾ, ਫੇਰ ਮਾਮਲੇ ਦੇ ਤੌਰ ਤੇ ਪਿੰਡ ਵਾਲਿਆਂ ਕੋਲੋਂ ਕੁਝ ਨਾਂ ਕੁਝ ਮੰਗਦਾ, ਰੋਟੀ, ਸ਼ੱਕਰ ਦੀ ਲਪ, ਗੁੜ ਦੀ ਰੋੜੀ, ਗੰਨਾ, ਜਿਸ ਪਿੰਡ ਵਿਚ ਕੋਈ ਸਿੰਘ ਸਰਦਾਰ ਆਪਣੀ ਕੋਈ ਨਿਸ਼ਾਨੀ ਰਖ ਗਿਆ ਹੁੰਦਾ ਜਾਂ ਮਾਮਲੇ ਵਜੋਂ ਉਪਰ ਲਿਖੀਆਂ ਚੀਜਾਂ ਚੋਂ ਕੋਈ ਚੀਜ਼ ਲੈ ਗਿਆ ਹੁੰਦਾ, ਦੂਸਰਾ ਕੋਈ ਸਿੰਘ ਸਰਦਾਰ ਉਸ ਪਿੰਡ ਉਪਰ ਕਬਜ਼ਾ ਨਾਂ ਕਰਦਾ।

[ ਕਨਿੰਘਮ ]

# ਸਿੰਘਾਂ ਨੇ ਸਾਰਾ ਦੇਸ਼ ਮਲ ਲਿਆ— ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਇਲਾਕੇ ਵਿਚੋਂ ਅਬਦਾਲੀ ਨੂੰ ਭਾਜ।

ਸਰਹੰਦ ਫਤਹ ਕਰਦਿਆਂ ਹੀ ਸਿੰਘਾਂ ਨੇ ਸਾਰਾ ਦੇਸ਼ ਮਲ ਲਿਆ। ਬੁਢਾ ਦਲ ਤਾਂ ਮਾਲਵੇ ਵਿਚ ਮੱਲਾਂ ਮਲਣ ਵਿਚ ਰੁਝ ਗਿਆ ਤੇ ਤਰਨਾਂ ਦਲ ਮਾਝੇ ਵਲ ਚੜ੍ਹ ਦੌੜਿਆ। ਤਰਨਾ ਦਲ ਦੀਆਂ ਪੰਜਾਂ ਮਿਸਲਾਂ ਨੇ ਏਧਰ ਦਾ ਸਾਰਾ ਦੇਸ਼ ਸਾਂਭ ਲਿਆ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਇਸ ਸਮੇਂ ਆਪਣ ਪਹਿਲੇ ਅਧੀਨ ਕੀਤੇ ਇਲਾਕੇ ਨਾਲੋਂ ਵੀ ਆਪਣਾ ਇਲਾਕਾ ਵਡਾ ਕਰ ਲਿਆ। ਫੇਰ ਬੁਢਾ ਦਲ ਤਾਂ ਮਾਲਵੇ ਚੋਂ ਰਾਜਾ ਜੁਹਾਰ ਮਲ ਭਰਤ ਪੁਰੀਏ ਦੀ ਮਦਦ ਨੂੰ ਨਜੀਉਬ ਦੌਲਾ ਨਾਲ ਲੜਨ ਲਈ ਦਿਲੀ ਵਲ ਚਲਾ ਗਿਆ ਤੇ ਏਧਰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਤੇ ਹੋਰ ਚੌਹਾਂ ਮਿਸਲਾਂ ਰਲ ਕੇ ਲਾਹੌਰ ਜਾ ਮਾਰਿਆ। ਦੁਰਾਨੀਆਂ ਦਾ ਸੂਬਾ ਕਾਬਲੀ ਮਲ ਕੁਝ ਨਾਂ ਕਰ ਸਕਿਆ। ਇਸ ਤਰ੍ਹਾਂ ਸਰਹੰਦ ਦੀ ਤਬਾਹੀ, ਜ਼ੈਨ ਖਾਂ ਦਾ ਮਰਨਾ ਤੇ ਸਿੰਘਾਂ ਦਾ ਸਾਰੇ ਦੇਸ਼ ਤੇ ਰਾਜ ਹੋ ਜਾਣ ਦੀਆਂ ਖਬਰਾਂ ਜਾਂ ਅਬਦਾਲੀ ਨੇ ਸੁਣੀਆਂ ਤਾਂ ਉਹ ਫਰ ਸਤਵੀਂ ਵਾਰ ਚੜ੍ਹ ਆਇਆ। ਪਰ ਸਿੰਘਾਂ ਉਸ ਨੂੰ ਦੀਨਾ ਨਗਰ ਵਟਾਲੇ ਤੇ ਜੰਡਿਆਲੇ ਲਾਗੇ ਲਗਾਤਾਰ ਤਿਨ ਸ਼ਕਸਤਾਂ ਦੇਕੇ ਭਜਾ ਦਿਤਾ। ਅਤ ਉਹ ਅੰਤ ਭੈ ਭੀਤ ਤੇ ਅਸਫਲ ਹੋਇਆ ਅਫਗਾਨਿਸਤਾਨ ਨੂੰ ਤੁਰ ਗਿਆ। ਇਸ ਸਮੇਂ ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਤੇ ਆਪ ਦੇ ਭਰਾਵਾਂ ਦੀ ਸੂਰਮਤਾਈ ਦੀਆਂ ਧੁੰਮਾਂ ਸਾਰੇ ਮੁਲਕ ਵਿਚ ਪੈ ਗਈਆਂ।

# ਅਬਦਾਲੀ ਦਾ ਅਠਵਾਂ ਹਮਲਾ

ਹਾਰ ਖਾ ਕੇ ਪਰਤਿਆ ਹੋਇਆ ਅਬਦਾਲੀ, ਛਿਆਂ ਮਹੀਨਿਆਂ ਦੇ ਅੰਦਰ ਅੰਦਰ ਚੋਣਵਾ ਅਠਾਰਾਂ ਹਜ਼ਾਰ ਅਸਵਾਰ ਲੈ ਕੇ, ਸਿੰਘਾਂ ਤੋਂ ਪੰਜਾਬ ਛੁਡਾਨ ਲਈ ਮੁੜ ਕੇ ਚੜ੍ਹ ਆਇਆ। ਇਹ ਉਸ ਦਾ ਅਠਵਾਂ ਹਮਲਾ ਸੀ। ਇਸ ਵਾਰ ਉਸ ਨਾਲ ਕਲਾਤ ਦਾ ਨਸੀਰ ਖਾਂ ਬਲੋਚ ਵੀ ਆਪਣੇ ੧੨੦੦੦ ਹਜ਼ਾਰ ਅਸਵਾਰਾਂ ਸਣੇ ਆ ਗਿਆ। ਐਮਨਾ ਬਾਦ ਕੋਲ ਅਬਦਾਲੀ ਅਤੇ ਨਸੀਰ ਖਾਂ ਮਿਲੇ। ਦਸੰਬਰ ੧੭੬੪ ਨੂੰ ਅਹਿਮਦ ਸ਼ਾਹ ਇਸ ਤੀਹ ਹਜ਼ਾਰ ਸੈਨਾ ਨਾਲ ਲਾਹੌਰ ਪੁਜਾ। ਇਕ ਦਿਨ ਉਸ ਨੂੰ ਪਤਾ ਲੱਗਾ ਸਿੰਘ ਗੁਰੂ ਚਕ (ਅਮ੍ਰਿਤਸਰ) ਇਕੱਠੇ ਹੋ ਰਹੇ ਹਨ। ਉਹ ਉਸੇ ਵੇਲੇ ਆਪਣੀ ਚੋਣਵੀਂ ਫੌਜ ਨਾਲ ਗੁਰੂ ਚਕ ਨੂੰ ਚੜ੍ਹ ਪਿਆ। ਪਰ ਉਸ ਦੀ ਹੈਰਾਨੀ ਦੀ ਹਦ ਨਾਂ ਰਹੀ ਜਦੋਂ ਤੀਹ ਕੁ ਸਿੰਘਾਂ ਨੇ ਉਸ ਨੂੰ ਰਾਮ ਗੜ੍ਹ ਦੇ ਕਿਲੇ ਵਿਚੋਂ ਨਿਕਲ ਕੇ ਵੰਗਾਰਿਆ ਇਹ ਤੀਹ ਸਿੰਘ ਸ਼ਹੀਦ ਗੁਰ ਬਖਸ਼ ਸਿੰਘ ਜੀ ਦੀ ਜੱਥੇਦਾਰੀ ਹੇਠ ਉਸ ਨਾਲ ਲੜ ਕੇ ਸ਼ਹੀਦ ਹੋ ਗਏ। ਅਬਦਾਲੀ ਫੇਰ ਲਾਹੌਰ ਪਿਛਾਂ ਮੁੜ ਗਿਆ।

ਅਬਦਾਲੀ ਇਸ ਗਲ ਤੋ ਦੁਖੀ ਸੀ ਜੁ ਸਿੰਘਾਂ ਨਾਲ ਕਿਧਰੇ ਮੈਦਾਨ ਵਿਚ ਜਮ ਕੇ ਜੁਧ ਕਿਉਂ ਨਹੀਂ ਪੈਂਦਾ, ਉਹ ਇਨ੍ਹਾਂ ਦੇ ਛਾਪਿਆਂ ਤੋਂ ਘਬਰਾਉਂਦਾ ਸੀ। ਆਖਰ ਉਸ ਨੇ ਆਪਣੇ ਸਰਦਾਰਾਂ ਨਾਲ ਸਲਾਹ ਕੀਤੀ ਜੁ ਕੀ ਕੀਤਾ ਜਾਏ। ਫੈਸਲਾ ਹੋਇਆ, ਸਰਹੰਦ ਵਲ ਕੂਚ ਕੀਤਾ ਜਾਵੇ ਤੇ ਲੰਘਿਆਂ ਜਾਵੇ ਸਿੰਘਾਂ ਦੇ ਇਲਾਕਿਆਂ ਵਿਚੋਂ ਦੀ ਇਕ ਤੇ ਇਨ੍ਹਾਂ ਦੇ ਇਲਾਕੇ ਉਜਾੜ ਦਿਤੇ ਜਾਣਗੇ ਅਤੇ ਦੂਸਰਾ ਇਨ੍ਹਾਂ ਦੀ ਤਾਕਤ ਦਾ ਅਨਮਾਨ ਲਗਦਾ ਜਾਵੇਗਾ। ਸੋ

ਅਬਦਾਲੀ ਲਾਹੌਰੋਂ ਕੂਚ ਕਰਕੇ ਵਟਾਲੇ ਵਲ ਨੂੰ ਚਲ ਪਿਆ। ਭੁਖਿਆਂ ਬਲੋਚਾਂ ਤੇ ਪਠਾਣਾਂ ਨੇ ਵਟਾਲੇ ਦਾ ਇਲਾਕਾ ਲੁਟ ਪੁਟ ਲਿਆ। ਸ਼ੱਕਰ ਗੁੜ ਤਿਲ ਏਧਰ ਆਮ ਸੀ ਅਬਦਾਲੀ ਦੀ ਸੈਨਾ ਨੂੰ ਰੰਗ ਲਗ ਗਿਆ। ਪਰ ਅਹਿਮਦ ਸ਼ਾਹ ਨੂੰ ਪਲ ਪਲ ਫਿਕਰ ਸੀ ਜੁ ਸਿੰਘ ਹੁਣ ਵੀ ਪੈਣਗੇ ਤੇ ਹੁਣ ਵੀ। ਉਹ ਅਹਿਮਦ ਸ਼ਾਹ ਜਿਹੜਾ ਕਦੇ ਐਡਾ ਤੇਜ਼ ਹੁੰਦਾ ਸੀ ਹੁਣ ਉਸ ਦੀਆਂ ਉਹ ਤੇਜ਼ੀਆਂ ਨਹੀਂ ਸੀ ਰਹੀਆਂ ਉਹ ਹੌਲੀ ਹੌਲੀ ਬਚਾਓ ਦੇ ਢੰਗ ਨਾਲ ਦੋਹ ਮਹੀਨਿਆਂ ਦੇ ਲਗ ਭਗ ਸਰਹੰਦ ਕੋਲ ਪੁਜਾ। ਇਸ ਸਫਰ ਵਿਚ ਸਿੰਘਾਂ ਨੇ ਉਸ ਨੂੰ ਕੇਵਲ ਇਕ ਵਾਰ ਵਖਾਈ ਦਿਤੀ ਅਤੇ ਦੁਆਬੇ ਵਿਚ ਇਕ ਛੋਟੀ ਜਹੀ ਝੜਪ ਹੋਈ। ਅਸਲ ਵਿਚ ਸਿੰਘ ਅਵੇਸਲੇ ਨਹੀਂ ਸੀ ਬੈਠੇ ਉਹ ਅਬਦਾਲੀ ਨੂੰ ਲੰਘ ਜਾਂਣ ਦੇਣਾ ਚਾਹੁੰਦੇ ਸਨ। ਤੇ ਮੁੜ ਦੀ ਵਾਰੀ ਉਸ ਦੀ ਖਬਰ ਲੈਣ ਦੀਆਂ ਤਿਆਰੀਆਂ ਕਰ ਰਹੇ ਸਨ। ਅਬਦਾਲੀ ਇਕ ਤਰਾਂ ਦਾ ਘਿਰ ਚੁਕਾ ਸੀ। ਸਿੰਘਾਂ ਹਥੋਂ ਸਰਹੰਦ ਦਾ ਉਜਾੜਾ ਵੇਖਕੇ ਅਬਦਾਲੀ ਬੜਾ ਦੁਖੀ ਹੋਇਆ। ਏਥੇ ਆਲਾ ਸਿੰਘ ਮੋਢੀ ਰਿਆਸਤ ਪਟਿਆਲਾ ਨੇ ਦੁਰਾਨੀ ਕੋਲੋਂ ਸਰਹੰਦ ਆਪਣੇ ਨਾਂ ਲਿਖਵਾ ਲਈ। ਅਗੇ ਤਰਨਾ ਦਲ ਇਕੱਲੇ ਨੇ ਅਬਦਾਲੀ ਨੂੰ ਮਾਰ ਭਜਾਇਆ ਸੀ ਹੁਣ ਬੁਢਾ ਦਲ ਵੀ ਭਰਤ ਪੁਰ ਵਲੋਂ ਆ ਗਿਆ ਸੀ। ਮਾਰਚ ੧੭੬੫ ਨੂੰ ਜਿਉਂ ਹੀ ਅਬਦਾਲੀ ਪਿਛਾਂ ਨੂੰ ਮੁੜਿਆ ਸਤਲੁਜ ਲਾਗੇ ਸਿੰਘਾਂ ਦੇ ਦਲ ਨੇ ਘੇਰ ਲਿਆ। ਅਬਦਾਲੀ ਦੇ ਇਸ ਹਮਲੇ ਦੇ ਹਾਲ ਕਾਜ਼ੀ ਨੂਰ ਮੁਹੰਮਦ ਗੰਜਾਬੀ ਨੇ ਆਪਣੇ ਜੰਗ ਨਾਮੇ ਵਿਚ ਬੜੇ ਵਿਸਤਾਰ ਪੂਰਵਕ ਲਿਖੇ ਹਨ। ਉਹ ਸਤਲੁਜ ਦੀ ਲੜਾਈ ਬਾਬਤ ਲਿਖਦਾ ਹੈ, ਜਦੋਂ ਬਾਦਸ਼ਾਹ ਨੇ ਦਰਿਆ ਪਾਰ ਕੀਤਾ ਅਤੇ ਦੂਸਰੇ ਕਿਨਾਰੇ ਉਪਰ ਝੰਡਾ ਗਡ ਦਿਤਾ ਗਿਆ ਅਤੇ ਸਾਰੀ ਫੌਜ ਨੂੰ ਵਿਸਰਾਮ ਦੀ ਆਗਿਆ ਦਿਤੀ

ਗਈ। ਦੂਸਰੇ ਦਿਨ ਸਵੇਰੇ ਹੀ ਪਤਾ ਲੱਗਾ ਜੁ ਸਿੰਘ ਸੈਨਾ ਗੁਰੂ ਚਕ (ਅਮ੍ਰਿਤਸਰ) ਇਕੱਠੀ ਹੋ ਰਹੀ ਹੈ। ਇਧ ਖਬਰ ਨੇ ਗਾਜ਼ੀਆਂ ਦੇ ਦਿਲ ਪ੍ਰਸੰਨ ਕਰ ਦਿਤੇ ਕਿ ਜੁ ਦੀਨੀ ਲੜਾਈ ਲਈ ਉਤਾਵਲੇ ਸਨ,

ਬਾਦਸ਼ਾਹ ਨੇ ਹੁਕਮ ਦਿਤਾ ਚਕ ਵਲ ਨੂੰ ਸੈਨਾ ਚੜ੍ਹੇ, ਕਾਫਰਾਂ ਉਪਰ ਪੈ ਜਾਓ ਅਤੇ ਉਨ੍ਹਾਂ ਭੇੜੀ ਕਿਸਮਤ ਵਾਲਿਆਂ ਦਾ ਟੰਡ ਮੁੰਡ ਉੜਾ ਦਿਓ। ਕਾਜ਼ੀ ਅਗੇ ਚਲਕੇ ਲਿਖਦਾ ਹੈ ਅਜੇ ਇਕ ਕੋਹ ਸੈਨਾ ਚਲੀ ਹੋਵੇਗੀ ਜੁ ਬਾਦਸ਼ਾਹ ਨੂੰ ਖਬਰ ਮਿਲੀ ਸਿੰਘਾਂ ਦਾ ਇਕ ਬੜਾ ਭਾਰੀ ਲਸ਼ਕਰ ਰਸਤਾ ਰੋਕੀ ਖਲੋਤਾ ਹੈ। ਬਾਦਸ਼ਾਹ ਬੁੱਲਾਂ ਵਿਚ ਹਸਿਆ ਤੇ ਬੋਲਿਆ, ਵਾਹ! ਮੇਰੇ ਆਪਣੇ ਰਾਜ ਵਿਚ ਹੀ ਮੇਰੀ ਪੀਨਸ ਸਿੰਘਾਂ ਦੇ ਰਥਾਂ ਕੰਬ ਰਹੀ ਹੈ। ਪਰ ਜਿਥੇ ਮੇਰੀ ਆਪਣੀ ਫੌਜ ਹੀ ਦੀਨੀ ਲੜਾਈ ਵਿਚ ਢਿਲੀ ਹੋਵੇ ਉਥੇ ਸਿਖਾਂ ਦਾ ਉਪਰ ਚੜ੍ਹ ਆਉਣਾ ਬਿਲਕੁਲ ਦਰੁਸਤ ਹੈ। ਸੰਸਾਰ ਮੈਨੂੰ ਕੀ ਆਖੇਗਾ ਕਿ ਦਸ਼ ਦੇ ਹਰ ਹਿੱਸੇ ਵਿਚ ਕਾਫਰ ਸਿਖ ਉਸ ਦੀ ਫੌਜ ਤੇ ਚੜ੍ਹ ਆਏ। ਪਰ ਮੈਂ ਇਨ੍ਹਾਂ ਕਾਫਰਾਂ ਨੂੰ ਇਸ ਤਰਾਂ ਮਾਰਾਂਗਾ ਜੁ ਇਨ੍ਹਾਂ ਦੀਆਂ ਹੱਡੀਆਂ ਇਨ੍ਹਾਂ ਦੇ ਸਰੀਰ ਵਿਚ ਰੂੰ ਬਣ ਜਾਣਗੀਆਂ ਇਸ ਤਰਾਂ ਅਹਿਮਦ ਸ਼ਾਹ ਨੇ ਅਤਯੰਤ ਜਸ਼ ਨਾਲ ਆਪਣੇ ਸਰਦਾਰਾਂ ਨੂੰ ਹੁਕਮ ਦਿਤਾ ਕਿ ਸਿੱਖਾਂ ਨਾਲ ਲੜਾਈ ਲਈ ਤਿਆਰ ਹੋ ਜਾਓ। ਅਬਦਾਲੀ ਇਕ ਤੇਜ਼ ਘੋੜੇ ਉਪਰ ਸਵਾਰ ਹੋਇਆ ਉਹ ਸਿਰ ਤੋਂ ਪੈਰਾਂ ਤਕ ਲੋਹੇ ਨਾਲ ਮੜ੍ਹਿਆ ਹੋਇਆ ਸੀ ਨੂਰ ਮੁਹੰਮਦ ਫੌਜ ਦੀ ਤਰਤੀਬ ਸਬੰਧੀ ਦਸਦਾ ਹੈ, ਸ਼ਾਹ ਖੁਦ ਫੌਜ ਦੇ ਵਿਚਕਾਰ ਸੀ, ਸਜ ਪਾਸੇ ਵਜ਼ੀਰਆਜ਼ਮ ਸੀ। ਸਰਦਾਰ ਜਹਾਨ ਖਾਂ ਤੇ ਅੰਜ਼ਲਾ ਖਾਨ ੧੨੦੦੦ ਸੈਨਾ ਨਾਲ ਸਨ। ਸ਼ਾਹ ਪਸੰਦ ਖਾਨ ਤੇ ਹੋਰ ਸਰਦਾਰ ਖੜੇ ਸਨ। ਖੱਬੇ ਪਾਸੇ ਮੀਰ ਨਸੀਰ ਖਾਨ ਆਪਣੀ ਬਲੋਚੀ ਫੌਜ ਨਾਲ ਸੀ। ਸਿੰਘਾਂ ਬਾਬਤ ਲਿਖਦਾ ਹੋਇਆ ਕਾਜ਼ੀ

ਦਸਦਾ ਹੈ, ਉਹ ਇਸ ਤਰਾਂ ਸਨ। ਸਿੰਘਾਂ ਦੇ ਦਲ ਦੇ ਵਿਚਕਾਰ ਜੱਸਾ ( ਸਿੰਘ ) ਕਲਾਲ ਪਹਾੜੀ ਵਾਂਗੂ ਖਲੋਤਾ ਸੀ ਅਤੇ ਉਸ ਦੇ ਨਾਲ ਦੂਜਾ ਜੱਸਾ ( ਸਿੰਘ ) ਠੋਕਾ ਜਿਹੜਾ ਇਹਨਾਂ ਵਿਚ ਤਾਕਤ ਤੇ ਗੁਸੇ ਵਲੋਂ ਸ਼ੇਰ ਦੀ ਨਿਆਈ ਹੈ ਖੜਾ ਸੀ। ਹੋਰ ਕਈ ਸਰਦਾਰ ਇਹਨਾਂ ਦੇ ਆਲੇ ਦੁਆਲੇ ਖਲੋਤੇ ਸਨ। ਖਬੇ ਪਾਸੇ ਚੜਤ ਸਿੰਘ, ਝੰਡਾ (ਸਿੰਘ) ਜੈ ਸਿੰਘ, ਹਰੀ ਸਿੰਘ, ਰਾਂਮ ਦਾਸ, ਗੁਲਾਬ (ਸਿੰਘ) ਗੁਜਰ ਸਿੰਘ ਆਦਿਕ ਸਨ।

ਆਖਰ ਲੜਾਈ ਸ਼ੁਰੂ ਹੋਈ, ਅਹਿਮਦ ਸ਼ਾਹ ਨੇ ਆਪਣੇ ਸਰਦਾਰਾਂ ਨੂੰ ਸਖਤ ਹੁਕਮ ਕਰ ਦਿਤਾ ਸੀ ਜੁ ਆਪਣਾ ਆਪਣੀ ਜਗ੍ਹਾ ਤੋਂ ਕੋਈ ਨਾ ਹਿਲੇ। ਲੜਾਈ ਨੇ ਭਿਆਨਕ ਸੂਰਤ ਧਾਰਨ ਕਰ ਲਈ। ਸਿੰਘਾਂ ਨੇ ਅਬਦਾਲੀ ਦੀ ਫੌਜ ਦਾ ਸੱਜਾ ਪਾਸਾ ਤਬਾਹ ਕਰ ਸੁਟਿਆ। ਅਬਦਾਲੀ ਸਿੰਘਾਂ ਦੀ ਵਰਿਆ-ਮਗੀ ਵੇਖ ਕੇ ਦੰਦਾਂ ਹੇਠਾਂ ਜੀਭ ਲੈ ਰਿਹਾ ਸੀ। ਉਹ ਡਾਢੇ ਅਚੰਭੇ ਨਾਲ ਨਸੀਰ ਖਾਂ ਬਲੋਚ ਨੂੰ ਦਸ ਰਿਹਾ ਸੀ ਤੂੰ ਵੇਖ ਰਿਹਾ ਏਂ ਉਹ ਉਥੇ ਕਿਤੇ ਤਾਕਤਵਰ ਹੋ ਰਹੇ ਹਨ। ਇਹ ਕਾਫ਼ਰ ਤੀਰ ਤੇ ਗੋਲੀਆਂ ਤਤਾਰੀਆਂ ਵਾਗੂੰ ਚਲਾ ਰਹੇ ਹਨ। ਓਹ ਹੁਣ ਹਲਾ ਏਧਰ ਕਰ ਰਹੇ ਹਨ, ਔਹ ਖੱਬੇ ਹਲਾ ਕਰ ਰਹੇ ਹਨ। ਮੈਂ ਇਹਨਾਂ ਦੀ ਦਲੇਰੀ ਵੇਖਕੇ ਦੰਗ ਰਹਿ ਗਿਆ ਹਾਂ।

ਸਿੰਘਾਂ ਨੇ ਇਸ ਸਮੇਂ ਅਬਦਾਲੀ ਨਾਲ ਤਿੰਨ ਥਾਂ ਮਾਅਰਕੇ ਕੀਤੇ ਤੇ ਉਸ ਦੀ ਫੌਜ ਦਾ ਐਨਾ ਨਕਸਾਨ ਕੀਤਾ ਜੋ ਉਹ ਦਿਲ ਛਡ ਗਿਆ। ਛੇਕੜ ਉਹ ਅਖੀਰ ਮਾਰਚ ਸੰਨ ੧੭੬੫ ਨੂੰ ਅਫ਼ਗਾਨਸਤਾਨ ਨੂੰ ਤੁਰ ਗਿਆ। ਉਸ ਦੇ ਜਾਂਦਿਆਂ ਹੀ ਭੰਗੀ ਸਰਦਾਰਾਂ ਨੇ ਲਾਹੌਰ ਮਲ ਲਿਆ। ਇਸ ਸਮੇਂ ਖ਼ਾਲਸੇ ਨੇ ਗੁਰਮਤਾ ਕਰਕੇ ਆਪਣੇ ਰਾਜ ਦਾ ਇਕ ਸਾਂਝਾ ਸਿੱਕਾ ਚਲਾਇਆ

ਜਿਸ ਉਪਰ ਇਹ ਲਿਖਿਆ ਗਿਆ :-

ਦੇਗੋ ਤੇਗੋ ਫਤਹਿ ਓ ਨੁਸਰਤ ਬੇਦਰੰਗ ।
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ॥

ਇਸ ਤੋਂ ਬਾਦ ਸਾਰੇ ਖਾਲਸਾ ਨੇ ਨਜੀਬਉਦੌਲਾ ਰੁਹੇਲੇ ਦੇ ਦੇਸ਼ ਤੇ ਚੜ੍ਹਾਈ ਕਰ ਦਿਤੀ। ਇਹ ਅਹਿਮਦ ਸ਼ਾਹ ਵਲੋਂ ਦਿਲੀ ਦੇ ਬਾਦਸ਼ਾਹ ਸ਼ਾਹ ਆਲਮ ਦੂਜੇ ਦਾ ਮੁਖਤਾਰ ਕਾਰ ਸੀ। ਇਸ ਮੁਹਿਮ ਤੋਂ ਸਿੰਘਾਂ ਨੂੰ ਕਾਫੀ ਧਨ ਮਾਲ ਪ੍ਰਾਪਤ ਹੋਇਆ। ਇਨੀਂ ਦਿਨੀਂ ਸ੍ਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਤੇ ਹੋਰ ਮਿਸਲਾਂ ਨੇ ਰਾਜਾ ਭਰਤ ਪੁਰ ਦੀ ਸਹਾਇਤਾ ਕਰਦਿਆਂ ਹੋਇਆਂ ਮਰਹਟਿਆ ਨੂੰ ਹਾਰ ਦਿਤੀ। ਰਾਜਾ ਭਰਤ ਪੂਰ ਨੇ ਸਿੰਘਾਂ ਨੂ ੭ ਲਖ ਰੁਪਿਆ ਨਜ਼ਰਾਨਾ ਦਿਤਾ। ਇਹ ੧੩-੧੪ ਮਾਰਚ ੧੭੬੬ ਦੀ ਗਲ ਹੈ !

# ਤਰਨ ਤਾਰਨ ਦੀ ਸੇਵਾ
# ਅਬਦਾਲੀ ਦਾ ਆਖਰੀ ਹਮਲਾ—ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਆਪਣੀ ਰਾਜਧਾਨੀ ਸ੍ਰੀ ਹਰਿ ਗੋਬਿੰਦ ਪੁਰ ਬਣਾਈ।

ਦਿੱਲੀ ਭਰਤ ਪੁਰ ਵਲੋਂ ਪਰਤ ਕੇ ਮਿਸਲਾਂ ਦੇ ਸਰਦਾਰਾਂ ਨੇ ਆਪੋ ਆਪਣੇ ਇਲਾਕਿਆਂ ਦੀਆਂ ਹਦਾਂ ਪੱਕੀਆਂ ਕੀਤੀਆਂ।

ਹੁਣ ੧੭੬੭ ਵਿਚ ਅਹਿਮਦ ਸ਼ਾਹ ਅਬਦਾਲੀ ਫੇਰ ਪੰਜਾਬ ਤੇ ਚੜ੍ਹ ਆਇਆ ਇਹ ਉਸ ਦਾ ਆਖਰੀ ਹਮਲਾ ਸੀ। ਸਰ ਜਾਦੂ ਨਾਥ ਸਰਕਾਰ ਲਿਖਦਾ ਹੈ, ਸਿਖਾਂ ਸਰਦਾਰਾਂ ਦੀ ਇਸ ਵੇਲੇ ਕੁਝ ਆਪਸ ਦੀ ਫੁਟ ਨੇ ਉਸ ਦਾ ਰਸਤਾ ਸਾਫ ਕਰ ਦਿਤਾ। ੨੦ ਜਨਵਰੀ ਸਨ ੧੭੬੭ ਨੂੰ ਬਿਆਸਾ ਤੇ ਇਕ ਚੰਗੀ ਲੜਾਈ ਹੋਈ ਜਿਸ ਵਿਚ ਸਰਦਾਰ ਜੱਸਾ ਸਿੰਘ ਸਖਤ ਜ਼ਖਮੀ ਹੋਇਆ ਤੇ ਚਰਸਾ ਸਿੰਘ ਪਹਾੜਾਂ ਨੂੰ ਪਿਛੇ ਹਟ ਗਿਆ §।,, ਅਬਦਾਲੀ ਇਸ ਸਮੇਂ ਹੌਲੀ ਹੌਲੀ ਜਲੰਧਰ ਵਿਚੋਂ ਦੀ ਹੁੰਦਾ ਹੋਇਆ ਇਸਮਾਇਲ ਅਬਾਦ ਅੰਬਾਲੇ ਤਕ ਚਲਾ ਗਿਆ। ਏਥੇ ਨਜੀਬਉਦੌਲਾ ਰਹੇਲਾ ਉਸ ਨੂੰ ਆ ਮਿਲਿਆ।

ਅਹਿਮਦ ਸ਼ਾਹ ਦਾ ਦਿੱਲੀ ਜਾਣ ਦਾ ਇਰਾਦਾ ਸੀ, ਪਰ ਸਿੰਘਾਂ ਤੋਂ ਡਰਦਾ ਉਹ ਏਥੋਂ ਹੀ ਪਿਛਾਂ ਮੁੜ ਗਿਆ, ਕਿਉਂ ਕਿ ਉਸ ਨੂੰ ਅਪਣੇ ਘਿਰ ਜਾਣ ਦਾ ਖਤਰਾ ਦਿਸਦਾ ਸੀ। ਛੇਕੜ ਉਹ ਰਾਜਾ ਅਮਰ ਸਿੰਘ ਪਟਿਆਲੇ ਵਾਲੇ ਨੂੰ ਰਾਜਾਇ ਰਾਜ ਗਾਨ ਦਾ

§ ਫਾਲ ਆਫ ਦੀ ਮੁਗ਼ਲ ਇੰਪਾਇਰ ਭਾਗ ੨ ਸਫਾ ੪੯੬

ਖਿਤਾਬ ਦੇ ਕੇ ੧੯ ਮਾਰਚ ਨੂੰ ਪਿਛੇ ਪਰਤਿਆ। ਸਤਲੁਜ ਤੋਂ ਨਜੀਬਉ ਦੌਲਾ ਨੇ ਉਸ ਕੋਲੋਂ ਰੁਖਸਤ ਲਈ ਤੇ ਉਹ ਆਪਣੇ ਇਲਾਕੇ ਨੂੰ ਤੁਰ ਗਿਆ।

ਅਹਿਮਦ ਸ਼ਾਹ ਲਾਹੌਰ ਪੁਜ ਕੇ ਮਹੀਨਾ ਕੁ ਇਥੇ ਟਿਕਿਆ। ਸਿੰਘ ਬਿਆਸਾ ਦੀ ਲੜਾਈ ਭੁਲੇ ਨਹੀਂ ਸਨ। ਅੰਮ੍ਰਿਤਸਰ ਸਭ ਸਿੰਘ ਸਰਦਾਰਾਂ ਦਾ ਇਕੱਠ ਹੋਇਆ। ਮਈ ਸਨ ੧੭੬੭ ਨੂੰ ਅਬਦਾਲੀ ਤੇ ਸਿੰਘਾਂ ਦਾ ਇਕ ਬੜਾ ਭਾਰੀ ਰਣ ਪਿਆ, ਜਿਸ ਵਿਚ ਉਹ ਹਾਰ ਖਾਕੇ ਆਪਣੇ ਮੁਲਕ ਨੂੰ ਭਜ ਗਿਆ। ਸਿੰਘਾਂ ਨੇ ਹੁਣ ਸਦਾ ਲਈ ਦੇਸ਼ ਚੋਂ ਪਠਾਣਾਂ ਨੂੰ ਕਢ ਦਿਤਾ।

ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਨੇ ਇਸ ਕੰਮ ਤੋਂ ਵਹਿਲੇ ਹੋਕੇ, ਸਰਾਏ ਨੂਰ ਦੀ ਤੋੜ ਕੇ ਸ੍ਰੀ ਤਰਨ ਤਾਰਨ ਗੁਰਦਵਾਰਾ ਦੀ ਸੇਵਾ ਕੀਤੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਾਕ ਨੂੰ ਪੂਰਾ ਕੀਤਾ *। ਫੈਜ਼ੁਲਾ ਪੁਰੀਆ ਸਰਦਾਰ ਬੁਧ ਸਿੰਘ ਵੀ ਆਪ ਦੇ ਨਾਲ ਸ਼ਾਮਲ ਸੀ, ਇਹ ਗਲ ੧੭੬੭ ਦੀ ਹੈ।

ਇਸ ਸਮੇਂ ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਨੇ ਆਪਣੇ ਰਾਜ ਦੇ ਵਿਚਕਾਰਲੇ ਸ਼ਹਿਰ ਸ੍ਰੀ ਹਰਿ ਗੋਬਿੰਦ ਪੁਰ, ਅਪਣੀ ਰਾਜ ਧਾਨੀ ਕ਼ੈਮ ਕੀਤੀ।

---

* ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਤੇ ਸਰਦਾਰ ਬੁਧ ਸਿੰਘ ਫੈਜ਼ੁਲਾ ਪੁਰੀਏ ਇਨ੍ਹਾਂ ਸਰਦਾਰਾਂ ਨੇ ਵਾਕ ਪੂਰਾ ਕੀਤਾ! ਸ੍ਰੀ ਗੁਰ-ਪ੍ਰਤਾਪ ਸੂਰਜ ਗ੍ਰੰਥਾਵਲੀ ਦੀ ਪ੍ਰਸਤਾਵਨਾ, ਸਫਾ ੭੫ ਦਾ ਫੁਟ ਨੋਟ

"ਨੂਰ ਦੀ ਸਰਾਂ ਤਰਨ ਤਾਰਨੋ ਝਬਾਲ ਰੁਖ ਨੂੰ ਪੌਣੇ ਕੁ ਚਾਰ ਮੀਲ ਹੈ ਸੀ। ਇਹ ਉਹ ਥਾਂ ਹੈ ਜਿਥੇ ਤਰਨ ਤਾਰਨ ਸਰੋਵਰ ਤੇ ਗੁਰਦੁਵਾਰੇ ਲਈ ਬਣਾਈਆਂ ਇੱਟਾਂ ਨੂਰ ਦੀਨ ਦਾ ਪੁਤਰ ਅਮੀਰ

# ਬਾਰਾਂ ਮਿਸਲਾਂ ਦਾ ਰਾਜ

## ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਪਹਾੜੀ ਰਿਆਸਤਾਂ ਅਧੀਨ ਕਰਨੀਆਂ—ਦਿੱਲੀ ਦੀ ਫ਼ਤਹ

ਜਮਨਾ ਤੋਂ ਲੈ ਕੇ ਅਟਕ ਤਕ ਹੁਣ ਮੁਕਮਲ ਰਾਜ ਹੋ ਗਿਆ ਸੀ। ਬਾਰਾਂ ਮਿਸਲਾਂ ਦੇ ਸਿੰਘ ਸਰਦਾਰ ਹੁਣ ਆਪੋ ਆਪਣੀਆ ਇਲਾਕਿਆਂ ਦੇ ਰਾਜ ਪ੍ਰਬੰਧ ਵਿਚ ਰੁਝ ਗਏ ਸਨ। ਇਤਿਹਾਸ ਦਸਦਾ ਹੈ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਇਸ ਸਮੇਂ ਬੇ-ਅੰਤ ਚੜ੍ਹ ਦੀਆਂ ਕਲਾ ਵਿਚ ਸੀ। ੨੦-੨੫ ਲਖ ਦਾ ਇਲਾਕਾ ਆਪਦੇ ਕਬਜ਼ੇ ਵਿਚ ਸੀ ਅਤੇ ੧੦-੧੨ ਹਜ਼ਾਰ ਅਸਵਾਰ। ਹਿਸਟਰੀ ਔਫ ਦੀ ਪੰਜਾਬ ਹਿਲਜ਼ ਸਟੇਟ ਦਾ ਕਰਤਾ ਲਿਖਦਾ ਹੈ × ਸਭ ਤੋਂ ਪਹਿਲਾ ਸਿਖ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਸੀ ਜਿਸ

---

× Jassa Singh Ramgarhia was The first of These chieftains to invade The Kangra Hills, and Kangra, Chanba, Nur Pur and some other States Tributory to him P. 177
History of the Punjab Hilles State VOL--1.
by. Hutchison &. S. E. J. Ph. Vogel

---

[ ਸਫਾ ੮੨ ਦੇ ਫੁਟ ਨੋਟ ਦੀ ਬਾਕੀ ]

ਦੀਨ ਮੱਲੋ ਮੱਲੀ ਚਾਕੇ ਲੈ ਗਿਆ ਸੀ ਤੇ ਉਸ ਨੇ ਸਰਾਂ ਤੇ ਆਪਣੇ ਮਕਾਨ ਆਦਿ ਬਣਵਾਏ ਸਨ ਤੇ ਗੁਰੂ ਸਾਹਿਬ ਜੀ ਨੇ ਤਦੋਂ ਫਰ- ਮਾਇਆ ਸੀ ਕਿ ਸਾਡਾ ਕੋਈ ਸਿੱਖ ਹੋ ਸੀ ਜੋ ਇਹੋ ਇੱਟਾਂ ਲਿਆਕੇ ਸਰੋਵਰ ਨੂੰ ਲੁਆਏਗਾ।,,

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਦੀ ਪ੍ਰਸਤਾਵਨਾ ਸਫਾ ੭੫

ਨੇ ਕਾਂਗੜਾ ਨੂਰ ਪੁਰ ਅਤੇ ਚੰਭੇ ਨੂੰ ਆਪਣੇ ਅਧੀਨ ਕੀਤਾ। ਸੋ ਇਸ ਵੇਲੇ ਸ: ਜੱਸਾ ਸਿੰਘ ਰਾਮਗੜ੍ਹੀਆ ਦੇ ਰਾਜ ਦੀਆਂ ਹਦਾਂ ਦੂਰ ਪਹਾੜੀ ਇਲਾਕਿਆਂ ਤਕ ਪੁਜ ਗਈਆਂ ਸਨ ਅਤੇ ਰਤਨ ਸਿੰਘ ਭੰਗੂ ਦੇ ਕਹਿਣ ਅਨੁਸਾਰ ਸਤ ਧਾਰਨ ਦੀ ਪਾਤਸ਼ਾਹੀ ਆਪ ਦੇ ਅਧੀਨ ਸੀ।

ਗਿਆਨੀ ਗਿਆਨ ਸਿੰਘ ਦੀ ਲਿਖਤ ਤੋਂ ਪਤਾ ਲਗਦਾ ਹੈ ਇਸ ਸਮੇਂ ਆਪ ਨੇ ਆਪਣੇ ਰਾਜ ਦੀਆਂ ਹਦਾਂ ਤੇ ਕਈ ਕਿਲੇ ਕੈਮ ਕੀਤੇ ਜਿਨ੍ਹਾਂ ਵਿਚੋਂ ਪਹਾੜੀ ਇਲਾਕੇ ਦੇ ਸਿਰ ਉਪਰ ਹਲਵਾਰਾ ਵਿਖੇ ਰਾਵੀ ਕੰਢੇ ਇਕ ਕਿਲਾ ਬਣਾਇਆ, ਉਸ ਵਿਚ ਆਪਣੇ ਭਰਾ ਸ: ਮਾਲੀ ਸਿੰਘ ਨੂੰ ੪੦੦੦ ਅਸਵਾਰ ਦੇ ਕੇ ਰਖਿਆ। ਏਸੇ ਤਰਾਂ ਕਲਾਨੌਰ ਤਾਰਾ ਸਿੰਘ ਨੂੰ ਅਤੇ ਦੁਆਬੇ ਦਾ ਇਲਾਕਾ ਖੁਸ਼ਹਾਲ ਸਿੰਘ ਦੇ ਸਪੁਰਦ ਕੀਤਾ।

ਜਨਵਰੀ ਸਨ ੧੭੬੮ ਨੂੰ ਕੁਲ ਸਿੰਘ ਸਰਦਾਰਾਂ ਨੇ ਇਕਠੇ ਹੋ ਕੇ ਦਿੱਲੀ ਉਪਰ ਚੜ੍ਹਾਈ ਕਰ ਦਿਤੀ। ਨਜੀਉਬ ਦੌਲਾ ਨੂੰ ਹਾਰ ਉਪਰ ਹਾਰ ਦੇ ਕੇ ਭਜਾ ਦਿਤਾ। ਮਾਰਚ ਵਿਚ ਸਿੰਘਾਂ ਦਿੱਲੀ ਫਤਹ ਕਰ ਲਈ *। ਆਖਦੇ ਹਨ § ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਖਾਸ ਲਾਲ ਕਿਲੇ ਵਿਚ ਜਾ ਵੜੇ ਤੇ ਬਾਦਸ਼ਾਹ ਸ਼ਾਹ ਆਲਮ ਨੂੰ ਅਧੀਨ ਕਰ ਲਿਆ।

ਪਰ ਸਿੰਘ ਨਜ਼ਰਾਨਾ ਲੈ ਕੇ ਦਿਲੀ ਛਡ ਆਏ, ਕਿਉਂਕਿ ਸਰਦਾਰਾਂ ਦਾ ਆਪਸ ਵਿਚ ਫੈਸਲਾ ਨਾਂ ਹੋ ਸਕਿਆ ਜੁ ਸ਼ਾਹੀ ਵਾਗ ਡੋਰ ਕੌਣ ਸੰਭਾਲੇ ਇਸ ਸਮੇਂ ਸਿੰਘਾਂ ਰਾਜਾ ਭਰਤ ਪੁਰ ਕੋਲੋਂ ਪ ਲਖ ਰੁਪਈਆ ਨਜ਼ਰਾਨਾ ਲਿਆ ਤੇ ਇਸ ਵਿਚੋਂ ਜੋ ਤਰਨੇ ਦਲ ਦੇ ਹਿੱਸੇ ਆਇਆ। ਤਿਨਾਂ ਮਿਸਲਾਂ ਰਾਮਗੜ੍ਹੀਆਂ, ਸੁਕਰ ਚਕੀਆਂ ਅਤੇ ਘਨਈਆਂ ਨੇ ਆਪੋ ਵਿਚ ਇਕੋ ਜਿਹਾ ਵੰਡਿਆ।

---

* ਹਰੀ ਰਾਮ § ਰਾਜ ਖਾਲਸਾ ਸਫਾ ਪਪ।

# ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਤੇਜ ਪ੍ਰਤਾਪ ਅਤੇ ਇਲਾਕਾ

ਖਾਲਸਾ ਦਿੱਲੀ ਜਿਤ ਕੇ ਮੁੜ ਆਇਆ। ਸਿੰਘ ਪੰਜਾਬ ਉਪਰ ਰਾਜ ਕਰਨ ਲਗੇ। ਇਤਿਹਾਸ ਦਸਦਾ ਹੈ ਸਿੰਘਾਂ ਦੀਆਂ ਬਾਰਾਂ ਮਿਸਲਾਂ ਵਿਚੋਂ ਭੰਗੀਆਂ ਦੀ ਮਿਸਲ ਇਲਾਕੇ ਤੇ ਸੈਨਕ ਲਿਹਾਜ਼ ਨਾਲ ਸਭ ਨਾਲੋਂ ਅੱਵਲ ਸੀ। ਲਾਹੌਰ ਉਪਰ ਇਹਨਾਂ ਦਾ ਕਬਜ਼ਾ ਸੀ। ਮਾਝੇ ਤੋਂ ਲੈ ਕੇ ਮੁਲਤਾਨ ਤੀਕ ਕੁਲ ਮੁਲਕ ਇਨ੍ਹਾਂ ਦੇ ਅਧੀਨ ਸੀ। ਗੁਜਰਾਤ, ਝੰਗ ਅਤੇ ਚਨਿਉਟ ਵੀ ਇਨ੍ਹਾਂ ਦੇ ਰਾਜ ਵਿਚ ਸੀ। ਪਰ ਇਸ ਸਮੇਂ ਦਾ ਜ਼ਿਕਰ ਕਰਦਾ ਹੋਇਆ ਗਿਆਨੀ ਗਿਆਨ ਸਿੰਘ ਲਿਖਦਾ ਹੈ ( ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ) "ਥੋੜੇ ਚਿਰ ਵਿਚ ਇਹ ਸਰਦਾਰ ਐਨਾਂ ਪ੍ਰਸਿਧ ਹੋਇਆ ਕਿ, ਇਸ ਦੀ ਮਿਸਲ ਭੰਗੀਆਂ ਦੀ ਮਿਸਲ ਨਾਲੋਂ ਵੀ ਪਰਤਾਪਵਾਨ ਹੋ ਗਈ" ਇਸ ਵੇਲੇ ਪਤਾ ਲਗਦਾ ਹੈ ਸਰਦਾਰ ਜੱਸਾ ਸਿੰਘਜੀ ਰਾਮਗੜ੍ਹੀਆ ਦੇ ਰਾਜ ਵਿਚ ਢਾਈ ਤਿਨ ਸੌ ਮੀਲ ਲੰਮਾ ਅਤੇ ਡੇੜ ਪੌਣੇ ਦੋ ਸੌ ਮੀਲ ਦੇ ਲਗ ਭਗ ਚੌੜਾ ਇਲਾਕਾ ਸੀ। ਜੋ ਐਦਾਂ ਹੈ, ਕਸੂਰ ਦਾ ਕੁਝ ਹਿੱਸਾ. ਅਮ੍ਰਿਤਸਰ ਚੋਂ ਚੌਥਾ ਹਿੱਸਾ, ਅਮ੍ਰਿਤਸਰ ਦੇ ਇਲਾਕੇ ਦੇ ਪਿੰਡ ਜੇਠੂ ਵਾਲ, ਮਤੇ ਵਾਲ ਆਦਿਕ, ਬਟਾਲਾ, ਕਲਾਨੌਰ, ਕਾਦੀਆਂ, ਘਮਾਣ, ਸ੍ਰੀ ਹਰਿ ਗੋਬਿੰਦ ਪੁਰ ਗੁਰਦਾਸਪੁਰ, ਦੀਨਾ ਨਗਰ, ਦੁਆਬਾ ਉੜਮੜ ਟਾਂਡਾ ਮਿਆਣੀ ਮਕੇਰੀਆਂ, ਹਾਜੀਪੁਰ, ਹੁਸ਼ਿਆਰਪੁਰ ਦਾ ਉਪਰਲਾ ਬਨਾ ਸਾਰਾ। ਸਤਲੁਜ ਹਿਠਾੜ ਅਤੇ ਫੇਰ ਪਹਾੜੀ ਇਲਾਕਾ ਧੁਰ ਕਲੂ ਤੀਕ। ੧੭੭੧ ਨੂੰ ਸਰਦਾਰ ਝੰਡਾ ਸਿੰਘ ਭੰਗੀ ਨੇ ਸਰਦਾਰ ਜੱਸਾ ਸਿੰਘ

ਰਾਮਗੜ੍ਹੀਆ ਦੀ ਸਹਾਇਤਾ ਨਾਲ ਮੁਲਤਾਨ ਫਤਹਿ ਕੀਤਾ। ਅਤੇ ਇਸ ਦੇ ਪਿਛੋਂ ਅਟਕ ਲੰਘ ਕੇ ਡੇਰਾ ਜਾਤ ਦਾ ਇਲਾਕਾ ਵੀ ਆਪ ਦੀ ਇਮਦਾਦ ਨਾਲ ਵਸ ਵਿਚ ਕੀਤਾ। ੧੭੭੪ ਵਿਚ ਸਾਰਦਾਰ ਜੱਸਾ ਸਿੰਘ ਰਾਮਗੜ੍ਹੀਆ ਅਤੇ ਸਰਦਾਰ ਝੰਡਾ ਸਿੰਘ ਭੰਗੀ ਨੇ ਰਲ ਕੇ ਮੁੜ ਕਸੂਰ ਮਾਰਿਆ। ਇਸ ਸਮੇਂ ਬਟਾਲੇ ਦੇ ਮਾਮਲੇ ਦੇ ਸਬੰਦ ਵਿਚ ਸਰਦਾਰ ਜੈ ਸਿੰਘ ਘਨਈਆ ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਕੁਝ ਝਗੜਾ ਉਠਿਆ। ਪਰ ਸਰਦਾਰ ਜੈ ਸਿੰਘ ਘਨਈਏ ਨੂੰ ਪਿਛੇ ਹਟਣਾ ਪਿਆ। ਗਿ: ਗਿਆਨ ਸਿੰਘ ਫੇਰ ਲਿਖਦਾ ਹੈ, ਉਸ ਵੇਲੇ ਇਹ ਸਰਦਾਰ ਦਿਨੀਆਂ ਚੜ੍ਹਦੀਆਂ ਕਲਾਂ ਵਿਚ ਸੀ ਕਿ ਸਾਰੇ ਪਾਸੇ ਇਹ ਦੀ ਮਨੀਂਦੀ ਸੀ। ਲਗਾਤਾਰ ਕਟੋਤੀ ਦੇ ਰਾਜੇ ਨੇ ਜੈ ਸਿੰਘ ਘਨਈਆਂ ਦੀ ਮਿਸਲ ਵਾਲੇ ਨੂੰ ਨਾਲ ਲੈਕੇ ਇਸ ਤੇ ਚੜ੍ਹਾਈ ਕੀਤੀ, ਕਿਤੂੰ ਹਰ ਵਾਰ ਭਾਜ ਖਾਕੇ ਚਲਾ ਗਿਆ''।

੧੭੭੪ ਵਿਚ ਬਹਾਦਰ ਸਰਦਾਰ ਝੰਡਾ ਸਿੰਘ ਭੰਗੀ ਘਨਈਆਂ ਦੇ ਗੁਝੇ ਕਾਰੇ ਨਾਲ ਕਤਲ ਹੋ ਗਿਆ

ਇਹ ਗਲ ਐਦਾਂ ਹੋਈ, ਜਮੂੰ ਦਾ ਰਾਜਾ ਰਣਜੀਤ ਦੇਵ ਭੰਗੀਆਂ ਦੇ ਅਧੀਨ ਸੀ। ਉਸ ਦੇ ਪੁਤਰ ਬਿਰਜ ਰਾਜ ਦੇਵ ਨੇ ਆਪਣੇ ਬਾਪ ਦੇ ਵਿਰੁਧ ਵਿਦਰੋਹ ਦਾ ਝੰਡਾ ਖੜਾ ਕਰ ਦਿਤਾ ਅਤੇ ਆਪਣੀ ਮਦਦ ਤੇ ਜੈ ਸਿੰਘ ਘਨਈਆ ਅਤੇ ਸਰਦਾਰ ਚੜ੍ਹਤ ਸਿੰਘ ਸੁਕਰ ਚੁਕੀਆ (ਮਹਾਰਾਜਾ ਰਣਜੀਤ ਸਿੰਘ ਦਾ ਦਾਦਾ) ਸਦ ਲਏ।

ਭੰਗੀ ਸਰਦਾਰ ਵੀ ਆਪਣੇ ਅਧੀਨ ਰਾਜੇ ਦੀ ਸਹਾਇਤਾ ਉਪਰ ਪੁਜ ਗਏ। ਇਲਾਕੇ ਸ਼ਕਰ ਗੜ੍ਹ ਵਿਚ ਬਸੰਤ੍ਰ ਨਦੀ ਦੇ ਕੰਢੇ ਘਨਈਆਂ ਸੁਕਰ ਚਕੀਆਂ ਅਤੇ ਭੰਗੀਆਂ ਦੀ ਇਕ ਭਿਆਨਕ

ਲੜਾਈ ਹੋਈ ਜਿਸ ਵਿਚ ਸਰਦਾਰ ਚੜ੍ਹਤ ਸਿੰਘ ਸੁਕਰ ਚਕੀਆ ਆਪਣੀ ਬੰਦੂਕ ਦੇ ਫਟ ਜਾਣ ਨਾਲ ਮਾਰਿਆ ਗਿਆ। ਤੇ ਮੈਦਾਨ ਭੰਗੀਆਂ ਦੇ ਹਥ ਰਿਹਾ।

ਆਖਰ ਕਾਰ ਜੈ ਸਿੰਘ ਘਨਈਏ ਨੇ ਭੰਗੀ ਸਰਦਾਰਾਂ ਦੇ ਇਕ ਨੌਕਰ ਨੂੰ ਆਪਣੇ ਹੱਥਾਂ ਤੇ ਪਾਕੇ, ਸ਼ਿਕਾਰ ਚੜ੍ਹੇ ਹੋਏ ਸਰਦਾਰ ਝੰਡਾ ਸਿੰਘ ਭੰਗੀ ਨੂੰ ਕਤਲ ਕਰਵਾ ਦਿਤਾ।

ਜਾਂ ਇਸ ਕਾਰੇ ਦਾ ਪਤਾ ਭੰਗੀਆਂ ਨੂੰ ਲਗਾ, ਤਾਂ ਉਹ ਬੜੇ ਦੁਖੀ ਹੋਏ। ਸਰਦਾਰ ਝੰਡਾ ਸਿੰਘ ਭੰਗੀ ਦੇ ਭਰਾ ਸਰਦਾਰ ਗੰਡਾ ਸਿੰਘ ਭੰਗੀ ਨੇ ਇਸ ਸਿਲਸਿਲੇ ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਤੋਂ ਸਹਾਇਤਾ ਮੰਗੀ। ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਨੇ ਜੈ ਸਿੰਘ ਘਨਈਆ ਦੇ ਇਸ ਕਾਰੇ ਨੂੰ ਅਤਯੰਤ ਨਫਰਤ ਨਾਲ ਤਕਿਆ ਅਤੇ ਭੰਗੀਆਂ ਨੂੰ ਹਰ ਤਰਾਂ ਇਮਦਾਦ ਦੇਕੇ ਸ: ਜੈ ਸਿੰਘ ਘਨਈਆ ਦਾ ਨਕ ਵਿਚ ਦਮ ਕਰ ਦਿਤਾ।

# ਸ: ਜੱਸਾ ਸਿੰਘ ਰਾਮਗੜ੍ਹੀਆ ਦਾ ਦੇਸ਼ ਛਡਣਾ।

ਹੁਣ ਬਾਹਰਲਾ ਦੁਸ਼ਮਨ ਕੋਈ ਨਹੀਂ ਸੀ ਰਿਹਾ, ਸਿੰਘ ਆਪਸ ਵਿਚ ਹੀ ਹਦ ਬੰਨ੍ਹਿਆਂ ਤੋਂ ਲੜਨ ਲਗ ਪਏ ਸਨ ਤੇ ਮਿਸਲਾਂ ਦੇ ਸਰਦਾਰ ਇਕ ਦੂਜੇ ਦੇ ਇਲਾਕੇ ਤੇ ਅਖ ਰਖਣ ਲਗ ਪਏ ਸਨ। ਪਿਛੇ ਦਸਿਆ ਗਿਆ ਹੈ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਹੇਠ ਇਸ ਵੇਲੇ ਬੜਾ ਭਾਰੀ ਇਲਾਕਾ ਸੀ, ਇਹ ਕਈਆਂ ਨੂੰ ਨਹੀਂ ਸੀ ਸੁਖਾਂਦਾ। ਪਰ ਉਨ੍ਹਾਂ ਦੇ ਤੇਜ ਪ੍ਰਤਾਪ ਅਗੇ ਕਿਸੇ ਦੀ ਪੇਸ਼ ਨਹੀਂ ਸੀ ਜਾਂਦੀ, ਆਪ ਦੀ ਵਧੀ ਹੋਈ ਸੈਨਕ ਤਾਕਤ ਅਤੇ ਵਰਿਆਮਗੀ ਤੋਂ ਸਭ ਭੈ ਖਾਂਦੇ ਸਨ। ਇਨ੍ਹਾਂ ਦਿਨਾਂ ਦੀ ਗਲ ਹੈ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਬਗੈਰ ਇਤਲਾਹ ਦਿਤੇ ਅਤੇ ਬਿਨਾਂ ਪੁਛੇ ਰਾਮਗੜ੍ਹੀਆਂ ਦੇ ਇਲਾਕੇ ਵਿਚ ਦਾਖਲ ਹੋ ਗਿਆ। ਗਲ ਇਹ ਬਣਾਈ ਜੁ ਉਹ ਅਚਲ ਵਟਾਲੇ ਤੀਰਥ ਯਾਤਰਾ ਨੂੰ ਆਇਆ ਹੈ। ਰਾਮਗੜ੍ਹੀਆਂ ਸਰਦਾਰਾਂ ਨੇ ਬਗੈਰ ਆਗਿਆਂ ਉਸ ਦਾ ਇਲਾਕੇ ਵਿਚ ਵੜਨਾ ਚੰਗਾਂ ਨਾਂ ਸਮਝਿਆ ਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਬਹਾਦਰ ਭਰਾਵਾਂ ਸਰਦਾਰ ਮਾਲੀ ਸਿੰਘ ਅਤੇ ਤਾਰਾ ਸਿੰਘ ਨੇ ਉਸ ਨੂੰ ਫੜ ਲਿਆ। ਜਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਸ੍ਰੀ ਹਰਿ-ਗੋਬਿੰਦ ਪੁਰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਸਾਹਮਣੇ ਪੇਸ਼ ਕੀਤਾ ਗਿਆ ਤਾਂ ਆਪ ਨੇ ਆਹਲੂਵਾਲੀਏ ਸਰਦਾਰ ਦੀ ਬੜੀ ਇੱਜ਼ਤ ਕੀਤੀ, ਭਰਾਵਾਂ ਕੋਲੋਂ ਪਛਤਾਵਾ ਕਰਾਇਆ, ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਬੜੇ ਸਨਮਾਨ ਨਾਲ ਸਿਰੋਪਾਓ ਦੇ ਕੇ ਛਡ ਦਿਤਾ।

ਏਧਰ ਤਾਂ ਇਹ ਗਲ ਹੋਈ, ਪਰ ਉਧਰ ਆਹਲੂਵਾਲੀਏ ਸਰਦਾਰ ਦਾ ਦਿਲ ਸਾਫ ਨਾਂ ਹੋਇਆ, ਉਹ ਆਪਣੇ ਘਰ ਪੁਜਦਿਆਂ ਹੀ ਇਕ ਇਕ ਸਿਖ ਸਰਦਾਰ ਕੋਲ ਜਾਕੇ ਪਿਟੀਆ, ਆਪਣੀ ਬੁਜ਼ਰਗੀ ਅਤੇ ਪੁਰਾਣੀਆਂ ਸੇਵਾਂ ਦੇ ਵਾਸਤੇ ਪਾ ਪਾਕੇ ਉਸ ਨੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਵਿਰੁਧ ਇਕ ਬੜਾ ਭਾਰੀ ਮਹਾਜ਼ ਬਣਾ ਲਿਆ। ਸੋ ਇਸ ਤਰਾਂ ਬਹੁਤ ਸਾਰੇ ਸਿਖ ਸਰਦਾਰ ਉਸ ਦੇ ਨਾਲ ਹੋ ਗਏ †। ੧੭੭੫ ਵਿਚ ਆਹਲੂਵਾਲੀਆਂ ਘਨਈਆਂ, ਸੁਕਰਚਕੀਆਂ ਭੰਗੀਆਂ, ਚਮਿਆਰੀ ਵਾਲਿਆਂ ਤੇ ਹੋਰ ਕਈ ਛੋਟੇ ਵਡੇ ਸਰਦਾਰਾਂ ਨੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਇਲਾਕੇ ਉਪਰ ਹਮਲਾ ਕਰ ਦਿਤਾ। ਬਹੁਤ ਚਿਰ ਲੜਾਈਆਂ ਹੁੰਦੀਆਂ ਰਹੀਆਂ ਆਖਰ ਪਿੰਡ ਭਾਗੋ ਵਾਲ ਲਾਗੇ ਇਕ ਬੜਾ ਖੂਨੀ ਜੁਧ ਹੋਇਆ, ਇਸ ਰਣ ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆਦਾ ਜੋਧਾ ਭਰਾ ਸਰਦਾਰ ਤਾਰਾ ਸਿੰਘ ਮਰਿਆ ਗਿਆ, ਅਤੇ ਖੁਸ਼ਹਾਲ ਸਿੰਘ ਫਟੜ ਹੋ ਗਿਆ। ਜਿਸ ਤੋਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਬੜਾ ਨੁਕਸਾਨ ਪੁਜਾ ਅਤੇ ਆਪ ਨੂੰ ਮਜਬੂਰਨ ਦੇਸ਼ ਛਡਣਾ ਪਿਆ। ੧੭੭੬ ਨੂੰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇਸ਼ ਛਡ ਕੇ ਹਾਂਸੀ ਹਸਰਾ ਵਲ ਨੂੰ ਤੁਰ ਗਿਆ। ਗਿਆਨੀ ਗਿਆਨ ਸਿੰਘ ਲਿਖਦਾ ਹੈ, 'ਕਿਤੂੰ ਇਹ ਬੜਾ ਦਲੇਰ ਅਤੇ ਸਿਆਣਾ ਸੀ ਇਸ ਕਰਕੇ ਇਹ ਨੇ ਕੁਝ ਪਰਵਾਹ ਨਾਂ ਕੀਤੀ ਤੇ ਹਿੰਮਤ ਨਾਂ ਹਾਰੀ, ਉਥੇ ਜਾਕੇ ਵੀ ੪੦੦੦ ਸਵਾਰ ਰਖ ਕੇ ਸੇਠ ਦਾ ਕੰਮ ਨਾਂ ਛਡਿਆ।'

ਇਤਿਹਾਸ ਦਸਦਾ ਹੈ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ

† Many chiefs came to aid him. thinking not much of the insult but having an eye to Plunder and new Jagirs. P. 440
chiefs and famlies of note in the Punjab.

ਨੇ ਏਧਰ ਆਕੇ ਕਾਫੀ ਇਲਾਕਾ ਆਪਣੇ ਅਧੀਨ ਕਰ ਲਿਆ, ਆਪਦੇ ਹਮਲੇ ਦਿੱਲੀ ਦੀਆਂ ਕੰਧਾਂ ਤਕ ਪੁਜੇ। ਨਾਰੰਗ ਦਸਦਾ ਹੈ ਇਨੀਂ ਦਿਨੀਂ ਇਕ ਵਾਰੀ ਆਪ ਨੇ ਦਿੱਲੀ ਉਪਰ ਹਮਲਾ ਕਰਕੇ ਮੁਗ਼ਲ ਮਹੱਲੋ ਚੋਂ ਚਾਰ ਤੋਪਾਂ ਤੇ ਬਹੁਤ ਸਾਰਾ ਸ਼ਾਹੀ ਸਾਮਾਨ ਕਢ ਲਿਆਂਦਾ

ਆਖ ਦੇ ਹਨ ਜਿਸ ਸਮੇਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਹਾਂਸੀ ਹਿਸਾਰ ਦਾ ਦੌਰਾ ਕਰ ਰਿਹਾ ਸੀ, ਆਪ ਦੀ ਸੇਵਾ ਵਿਚ ਕੁਝ ਬ੍ਰਾਮਣ ਆਏ ਤੇ ਉਹਨਾਂ ਨੇ ਅਰਜ਼ ਗੁਜ਼ਾਰੀ ਜੁ ਉਨ੍ਹਾਂ ਦੀਆਂ ਦੋ ਜਵਾਨ ਲੜਕੀਆਂ ਹਿਸਾਰ ਦੇ ਹਾਕਮ ਨੇ ਜ਼ੋਰੀ ਧੱਕੇ ਨਾਲ ਚੁਕ ਖੜੀਆਂ ਹਨ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਉਸੇ ਵੇਲੇ ਹਿਸਾਰ ਤੇ ਚੜ੍ਹਾਈ ਕੀਤੀ। ਜੰਗ ਕਰਕੇ ਹਿਸਾਰ ਫਤਹਿ ਕੀਤਾ। ਪਾਪੀ ਨਵਾਬ ਨੂੰ ਉਸ ਦੇ ਕੀਤੇ ਦਾ ਫਲ ਭੁਗਤਾਇਆ ਅਤੇ ਬ੍ਰਹਾਮਣ ਲੜਕੀਆਂ ਛੁਡਾਕੇ ਉਹਨਾਂ ਦੇ ਵਾਰਸਾਂ ਦੇ ਹਵਾਲੇ ਕੀਤੀਆਂ †। ਇਸ ਉਪਕਾਰ ਨਾਲ ਸਿੰਘ ਸਰਦਾਰ ਦੀ ਕੀਰਤੀ ਇਸ ਇਲਾਕੇ ਵਿਚ ਚੌਂਹ ਪਾਸੀਂ ਖਿਲਰ ਗਈ, ਮਜ਼ਲੂਮਾਂ ਨੂੰ ਸਹਾਰਾ ਮਿਲਿਆ ਅਤੇ ਜ਼ਾਲਮ ਕੰਬ ਗਏ।

ਨਾਰੰਗ ਦਸਦਾ ਹੈ ਇਥੋਂ ਹੀ ਇਕ ਖੂਹ ਵਿਚੋਂ ਆਪ ਨੂੰ ਪੰਜ ਲਖ ਅਸ਼ਰਫੀ ਲਭੀ।

ਰਾਜ ਖਾਲਸਾ ਦੇ ਸਫਾ ੨੧ ਉਪਰ ਲਿਖਿਆ ਹੈ, "ਪਾਣੀ-ਪਤ ਕਰਨਾਲ ਹੋਂਦਾ ਹੋਇਆ ਮੇਰਠ ਪੁਜਾ (ਸਰਦਾਰ ਜੱਸਾ ਸਿੰਘ ਰਾਮਗੜ੍ਹੀਆ) ਉਥੋਂ ਦੇ ਰਾਈਸ ਪਾਸੋਂ ਦਸ ਹਜ਼ਾਰ ਰੁਪਇਆ ਨਜ਼ਰਾਨੇ ਦਾ ਲੈ ਕੇ ਅਗੋਂ ਵਾਸਤੇ ਪੰਜ ਹਜ਼ਾਰ ਸਾਲਾਨਾ ਲੈਣ ਦਾ ਇਕਰਾਰ ਕਰਕੇ ਅਗੇ ਵਧੀਆ। ਏਸ ਤਰਾਂ ਨਾਲ ਸੋਧ ਕਰਦਾ

---

† He Sacked Hissar and Rescued Two Brahmin Girls from The Hakim of The Place who had forcibly carried them away.
Transformation of Sikhism. p. 255

ਮਥਰਾ ਅਤੇ ਆਗਰੇ ਤਕ ਅਪੜ ਗਿਆ, ਕੋਈ ਦੇਸ ਦੇ ਸਾਹਮਣੇ ਖੜਾ ਨਾਂ ਹੋਇਆ। ੧੭੭੬ ਤੋਂ ਲੇ ਕੇ ੧੭੮੩ ਤਕ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਪੰਜਾਬ ਤੋਂ ਬਾਹਰ ਰਿਹਾ, ਇਸ ਅਰਸੇ ਵਿਚ ਪੰਜਾਬ ਵਿਚ ਕਈ ਗੱਲਾਂ ਹੋ ਗਈਆਂ।

ਭੰਗੀਆਂ ਦੀ ਮਿਸਲ ਦਾ ਸੰਗਠਣ ਟੁਟ ਗਿਆ ਤੇ ਉਹਨਾਂ ਦੇ ਕਈ ਸਰਦਾਰ ਆਪੋ ਆਪਣੀ ਥਾਂਈਂ ਆਕੀ ਹੋ ਗਏ। ਕਿਲ੍ਹੇ ਕਾਂਗੜੇ ਤੋਂ ਰਾਜਾ ਸੰਸਾਰ ਚੰਦ ਅਤੇ ਸਰਦਾਰ ਜੈ ਸਿੰਘ ਘਨਈਏ ਦੀ ਅਣ ਬਣ ਹੋ ਗਈ। ਸੁਕਰ ਚਕੀਆਂ ਅਤੇ ਘਨਈਆਂ ਦਾ ਝਗੜਾ ਉਠ ਖਲੋਤਾ।

—o—

# ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਮੁੜ ਪੰਜਾਬ ਵਿਚ ਆਪਣਾ ਰਾਜ ਭਾਗ ਸਾਂਭਣਾ

ਪਿਛੇ ਜ਼ਿਕਰ ਕੀਤਾ ਗਿਆ ਹੈ ਜੁ ਘਨਈਆਂ ਅਤੇ ਸੁਕਰ ਚਕੀਆਂ ਦਾ ਝਗੜਾ ਉਠ ਖਲੋਤਾ ਉਹ ਇਸ ਤਰ੍ਹਾਂ ਹੋਇਆ, ਜਦ ਸਰਦਾਰ ਚੜ੍ਹਤ ਸਿੰਘ ਸੁਕਰ-ਚਕੀਆ ਭੰਗੀਆਂ ਨਾਲ ਲੜਦਾ ਪ੍ਰਲੋਕ ਸਿਧਾਰਿਆ ਤਾਂ ਉਸ ਦਿਨ ਤੋਂ ਉਸ ਦਾ ਪੁਤਰ ਮਹਾਂ ਸਿੰਘ (ਮਹਾਰਾਜਾ ਰਣਜੀਤ ਸਿੰਘ ਦਾ ਪਿਤਾ) ਨੂੰ ਘਨਈਏ ਆਪਣੇ ਨਾਲ ਰਖਦੇ ਸਨ। ਸਰਦਾਰ ਜੈ ਸਿੰਘ ਘਨਈਆ ਮਹਾਂ ਸਿੰਘ ਨੂੰ ਇਕ ਤਰ੍ਹਾਂ ਦਾ ਆਪਣਾ ਅਨੁਸਾਰੀ ਸਰਦਾਰ ਸਮਝਦਾ ਸੀ। ਸਰਦਾਰ ਮਹਾਂ ਸਿੰਘ ਸੁਕਰ ਚਕੀਆ ਕਿੰਨਾਂ ਚਿਰ ਐਦਾਂ ਸਰਦਾਰ ਜੈ ਸਿੰਘ ਨਾਲ ਰਿਹਾ, ਪਰ ਆਖਿਰ ਸ਼ੇਰਾਂ ਦੀ ਉਲਾਦ ਸੀ ਆਕੜ ਪਿਆ, ਉਸ ਨੇ ਜਦ ਜੰਮੂ ਲੁਟਿਆ, ਘਨਈਆਂ ਨੇ ਹਿੱਸਾ ਮੰਗਿਆ ਤਾਂ ਠੁਟ ਵਿਖਾਲਿਆ। ਸਰਦਾਰ ਜੈ ਸਿੰਘ ਘਨਈਆਂ ਉਸ ਦੀ ਇਸ ਦਲੇਰੀ ਤੋਂ ਸੜ ਗਿਆ, ਤੇ ਉਸ ਨੇ ਪੱਕਾ ਇਰਾਦਾ ਕਰ ਲਿਆ ਜੁ ਮਹਾਂ ਸਿੰਘ ਨੂੰ ਫੜ ਲਿਆ ਜਾਵੇ। ਇਸ ਵੇਲੇ ਘਨਈਆਂ ਦੀ ਗੁਡੀ ਪੰਜਾਬ ਵਿਚ ਸਿਖਰ ਤੇ ਚੜ੍ਹੀ ਹੋਈ ਸੀ। ਇਧਰ ਸਰਦਾਰ ਮਹਾਂ ਸਿੰਘ ਸੁਕਰ ਚਕੀਆ ਸਰਦਾਰ ਜੈ ਸਿੰਘ ਨਾਲ ਵਿਗਾੜਨ ਨੂੰ ਤਾਂ ਵਿਗਾੜ ਬੈਠਾ, ਪਰ ਘਨਈਆਂ ਨਾਲ ਟੱਕਰ ਉਸ ਦੀ ਹਿੰਮਤ ਤੋਂ ਬਾਹਰਾ ਕੰਮ ਸੀ। ਘਨਈਆਂ ਨੇ ਉਸ ਦੇ ਇਲ਼ਾਕੇ ਵਿਚ ਫੌਜਾਂ ਚਾੜ੍ਹ ਕੇ ਉਸ ਨੂੰ ਵਖਤ ਪਾ ਦਿਤਾ। ਸਰਦਾਰ ਮਹਾਂ ਸਿਘ ਇਸ ਵੇਲੇ ਬੜਾ ਤੰਗ ਸੀ ਉਸ ਨੂੰ ਕੋਈ ਸਰਦਾਰ ਨਹੀਂ ਸੀ ਦਿਸਦਾ ਜੁ ਇਸ ਔਖੇ ਵੇਲੇ ਉਸ ਦੀ ਸਹਾਇਤਾ ਕਰੇ, ਰਾਜਾ ਸੰਸਾਰ ਚੰਦ ਕਟੋਚ ਸੀ, ਪਰ ਉਸ ਦੀ ਤਾਕਤ ਐਡੀ ਨਹੀਂ ਸੀ। ਜੁ ਸਰਦਾਰ ਜੈ ਸਿੰਘ ਘਨਈਏ ਦੀ ਝਾਲ ਝਲ ਸਕੇ। ਆਖਿਰ ਸਰਦਾਰ ਮਹਾਂ ਸਿੰਘ ਸੁਕਰ ਚਕੀਏ ਦੀ ਦੂਰ ਬੈਠੇ ਸਰਦਾਰ

ਜੱਸਾ ਸਿੰਘ ਰਾਮਗੜ੍ਹੀਆ ਵਲ ਨਜ਼ਰ ਗਈ, ਜਿਸ ਦੀ ਇਮਦਾਦ ਨਾਲ ਉਹ ਘਨਈਆਂ ਤੋਂ ਬਚ ਸਕਦਾ ਸੀ। ਇਸ ਸਮੇਂ ਸਰਦਾਰ ਮਹਾਂ ਸਿੰਘ ਨੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਆਪਣੀ ਸਹਾਇਤਾ ਲਈ ਚਿੱਠੀ ਲਿਖੀ, ਜਿਸ ਦੇ ਉਤਰ ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਐਦਾਂ ਲਿਖਿਆ ਜੋ ਰਾਜ ਖਾਲਸਾ ਸਫਾ ੨੨ ਤੋਂ ਦਿਤਾ ਜਾਂਦਾ ਹੈ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਜੋ ਬੜਾ ਹੀ ਸਿਆਣਾਂ ਆਦਮੀ ਸੀ, ਸਰਦਾਰ ਮਹਾਂ ਨੂੰ ਲਿਖਿਆ ਕਿ ਮੈਨੂੰ ਤੁਹਾਡੀ ਮਦਦ ਕਰਨ ਵਿਚ ਕੋਈ ਸੰਕੋਚ ਨਹੀਂ, ਕਿੰਤੂ ਅਜਿਹਾ ਨਾਂ ਹੋਵੇ ਕਿ ਸ: ਜੈ ਸਿੰਘ ਆਪਣੀ ਪੋਤੀ ( ਗੁਰਬਖਸ਼ ਸਿੰਘ ਦੀ ਲੜਕੀ ) ਦਾ ਨਾਤਾ ਤਰੇ ਲੜਕੇ ਨਾਲ ਕਰਕੇ ਤੇ ਕਟੋਚੀ ਦੇ ਰਾਜੇ ਨੂੰ ਕਾਂਗੜੇ ਦਾ ਕਿਲਾ ਵਾਪਸ ਦੇ ਕੇ ਸੁਲਾਹ ਕਰ ਲਵੇ ਤੇ ਮੈਂ ਜਿਹਾ ਹੁਣ ਹਾਂ ਤਿਹਾ ਹੀ ਰਹਿ ਜਾਵਾਂ, ਇਸ ਕਰ ਕੇ ਚੰਗਾ ਹੋਵੇ ਕਿ ਤੁਸੀਂ ਆਪ ਫੈਸਲਾ ਕਰ ਲਵੋ ਤੇ ਮੈਨੂੰ ਬੁਲਾਣ ਦੀ ਕੋਈ ਲੋੜ ਨਹੀਂ, ਕਿੰਤੂ ਮਹਾਂ ਸਿੰਘ ਸੁਕਰ ਚਕੀਆ ਇਹ ਚੰਗੀ ਤਰ੍ਹਾਂ ਸਮਝੀ ਬੈਠਾ ਸੀ ਕਿ ਜੈ ਸਿੰਘ ਨੂੰ ਜਿਤ ਲੈਣਾ ਮੇਰੇ ਵਸ ਦੀ ਗਲ ਨਹੀਂ, ਇਸ ਕਰ ਕੇ ਉਹ ਨੇ, ਸ: ਜੱਸਾ ਸਿੰਘ ਰਾਮਗੜ੍ਹੀਆ ਨੂੰ ਦੂਜੀ ਵਾਰ ਫਿਰ ਸੁਨੇਹਾ ਭੇਜਿਆ ਕਿ ਜੇ ਕਦੀ ਜੈ ਸਿੰਘ ਅਜਿਹਾ ਕਰ ਵੀ ਦੇਵੇ ਜਿਹਾ ਕਿ ਤੁਹਾਨੂੰ ਸ਼ਕ ਹੈ ਤਦ ਵੀ ਅਸਾਂ ਜੋ ਬਚਨ ਤੁਹਾਡੇ ਨਾਲ ਕੀਤਾ ਹੈ, ਉਸ ਤੋਂ ਪਿਛੇ ਨਾਂ ਹਟਾਂਗੇ।,,

ਹੁਣ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਮਹਾਂ ਸਿੰਘ ਦੀ ਸਹਾਇਤਾ ਨੂੰ ੧੭੮੪ ਨੂੰ ਪੰਜਾਬ ਵਲ ਵਧਿਆ। ਇਸ ਵੇਲੇ ਰਾਮਗੜ੍ਹੀਆਂ ਦੀ ਫੌਜ ਵਿਚ ਕੁਮਤਾ ਦਾ ਜੋਸ਼ ਸੀ। ਆਖਦੇ ਹਨ ਜਦ ਸਰਦਾਰ ਜੈ ਸਿੰਘ ਘਨਈਏ ਨੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਦਾ ਆਉਣਾ ਸੁਣਿਆ ਤਾਂ ਉਸ ਨੇ ਗੁਰਬਖਸ਼ ਸਿੰਘ ਦੋ ਦੀਆ ਨੂੰ ਕੁਝ ਫੌਜ ਦੇ ਕੇ ਭੇਜਿਆ ਤਾਂ ਜੋ ਬਿਆਸਾ ਤੋਂ ਪਾਰ

ਹੀ ਉਹ ਦੇ ਨਾਲ ਲੜਾਈ ਸ਼ੁਰੂ ਕਰ ਦੇਵੇ ਤੇ ਉਹਨੂੰ ਉਥੇ ਹੀ ਰੋਕ ਦੇਵੇ, ਬੰਡਾਲੇ ਦੇ ਲਾਗੇ ਲੜਾਈ § ਹੋਈ ਗੁਰਬਖਸ਼ ਸਿੰਘ ਮਾਰਿਆ ਗਿਆ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਜਿਤ ਪ੍ਰਾਪਤ ਕਰਕੇ ਅਗੇ ਵਧੀਆ, ਅਗੇ ਆਕੇ ਸਰਦਾਰ ਮਹਾਂ ਸਿੰਘ ਸੁਕਰ ਚਕੀਆ ਅਤੇ ਰਾਜਾ ਸੰਸਾਰ ਕਟੋਚੀਆ ਵੀ ਆਪ ਨੂੰ ਆ ਮਿਲੇ। ਅੰਤ ਅਚਲ ਵਟਾਲੇ ਦੇ ਮੈਦਾਨ ਵਿਚ ਬੜਾ ਭਾਰੀ ਸੰਗਰਾਮ ਹੋਇਆ। ਇਤਿਹਾਸ ਦਸਦਾ ਹੈ ਛੇ ਘੰਟੇ ਤਕ ਦੋਹਾਂ ਪਾਸਿਆਂ ਤੋਂ ਲੜਾਈ ਦਾ ਮੈਦਾਨ ਗਰਮ ਰਿਹਾ। ਛੇਕੜ ਸ਼ਾਮ ਵੇਲੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਹੱਥੋਂ ਸਰਦਾਰ ਜੈ ਸਿੰਘ ਘਨਈਆ ਦਾ ਸੂਰ ਬੀਰ ਪੁਤਰ ਰਣ ਵਿਚ ਮਾਰਿਆ ਗਿਆ। ਵਰਿਆਮ ਪੁਤਰ ਦੀ ਮੌਤ ਨੇ ਸਰਦਾਰ ਜੈ ਸਿੰਘ ਘਨਈਏ ਦਾ ਲਕ ਤੋੜ ਦਿਤਾ। ਘਨਈਆਂ ਦੀ ਸੇਨਾ ਰਣ ਛੇਤਰ ਵਿਚੋਂ ਨਠ ਉਠੀ।

ਇਸ ਸਮੇਂ ਦਾ ਜ਼ਿਕਰ ਕਰਦਾ ਹੋਇਆ ਮੈਗਰੇਗਰ ਆਪਣੀ ਸਿੱਖ ਤਵਾਰੀਖ ਦੇ ਸਫਾ ੧੪੩ ਉਪਰ ਸਰਦਾਰ ਜੈ ਸਿੰਘ ਘਨਈਏ ਦੀ ਬੜੀ ਦਰਦਨਾਕ ਹਾਲਤ ਦਸਦਾ ਹੈ. ਕਹਿੰਦਾ ਹੈ ਜੈ ਸਿੰਘ ਆਪਣੇ ਪੁਤਰ ਦੀ ਮੌਤ ਸੁਣਕੇ ਆਪਣੇ ਘੋੜੇ ਤੋਂ ਉਤਰ ਗਿਆ, ਉਸ ਨੇ ਆਪਣੇ ਤਰਕਸ਼ ਚੋਂ ਤੀਰ ਕਢ ਕੇ ਸੁਟ ਦਿਤੇ ਅਤੇ ਆਪਣੇ ਆਪ ਨੂੰ ਸਿੱਧਾ ਚਲਦੀਆਂ ਗੋਲੀਆਂ ਦੇ ਸਾਹਮਣੇ ਕਰ ਦਿਤਾ। ਜੇਤੂ ਰਾਮਗੜ੍ਹੀਆਂ ਨੇ ਜੈ ਸਿੰਘ ਦੀ ਇਸ ਦੁਖੀ ਹਾਲਤ ਨੂੰ ਡੂੰਘਾ ਮਹਿਸੂਸ ਕੀਤਾ ਅਤੇ ਉਨ੍ਹਾਂ ਹਮਦਰਦੀ ਦੇ ਤੌਰ ਤੇ ਆਪਣੀਆਂ ਫੌਜਾਂ ਮੈਦਾਨ ਚੋਂ ਪਿਛੇ ਹਟਾ ਲਈਆਂ।

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਮੁੜ ਆਪਣਾ ਰਾਜ ਭਾਗ ਸਾਂਭ ਲਿਆ। ਇਸ ਲੜਾਈ ਤੋਂ ਬਾਦ ਘਨਈਏ ਸਦਾ ਲਈ ਬਸ ਹੋ ਗਏ।

---

§ ਰਾਜ ਖਾਲਸਾ ਸਫਾ ੩੪।

# ਆਪਣਾ ਰਾਜ ਸੰਭਾਲਣ ਤੋਂ ਬਾਦ

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਆਪਣੇ ਲੰਮੇ ਚੌੜੇ ਇਲਾਕੇ ਤੇ ਮੁੜ ਕਬਜ਼ਾ ਕਰ ਲਿਆ ਤੇ ਪਹਿਲੇ ਵਾਂਗ ਫੇਰ ਚੌਕੀਆਂ ਥਾਣੇ ਅਤੇ ਛਾਉਣੀਆਂ ਕੈਮ ਕਰ ਲਈਆਂ §। ਇਸ ਵੇਲੇ ਆਪ ਦੇ ਪੱਲੇ ਦਾ ਪੰਜਾਬ ਵਿਚ ਕੋਈ ਸਰਦਾਰ ਨਹੀਂ ਸੀ। ਘਨਈਆਂ ਨੇ ਇਕ ਦੋ ਵਾਰੀ ਝੜਪਾਂ ਲਈਆਂ ਪਰ ਸਦਾ ਮਾਰ ਖਾਧੀ। ਅੰਤ ਮਾਯੂਸ ਹੋਕੇ ਸ: ਜੈ ਸਿੰਘ ਘਨਈਏ ਨੇ ੧੭੮੫ ਨੂੰ ਆਪਣੀ ਪੋਤੀ ਦੀ ਮੰਗਣੀ ਮਹਾਂ ਸਿੰਘ ਸੁਕਰ ਚਕੀਏ ਦੇ ਪੁਤਰ ਰਣਜੀਤ ਸਿੰਘ ਨਾਲ ਕਰ ਦਿਤੀ * ਤੇ ਇਕ ਵਾਰ ਮਹਾਂ ਸਿੰਘ ਤੇ ਸੰਸਾਰ ਚੰਦ ਆਦ

---

§ ਵਟਾਲੇ ਦੇ ਕਬਜ਼ੇ ਦੀ ਬਾਬਤ ਮੈਗਰੇਗਰ ਲਿਖਦਾ ਹੋਇਆ ਦਸਦਾ ਹੈ ਜੈ ਸਿੰਘ ਘਨਈਆ ਤੇ ਜੈਮਲ ਸਿੰਘ ਆਦਕ ਨੂੰ ਨਾਲ ਲੈਕੇ ਪਠਾਨ ਕੋਟ ਵਲ ਨਸ ਗਿਆ ਸੀ। ਵਟਾਲੇ ਗੁਰਬਖਸ਼ ਸਿੰਘ ਦੀ ਰਾਣੀ ਸਦਾ ਕੌਰ ਸੀ। ਜਦ ਉਸ ਨੇ ਰਾਮਗੜ੍ਹੀਆਂ ਦੀ ਆਮਦ ਸੁਣੀ ਤਾਂ ਉਹ ਬੜੀ ਘਬਰਾਈ ਅਤੇ ਛੇਤੀ ਛੇਤੀ ਆਪਣੇ ਬੱਚੇ ਖੱਚੇ ਸਿਪਾਹੀ ਇਕੱਠੇ ਕਰਕੇ ਨੰਗੀ ਪੈਰੀਂ ਸੋਹੀਆ ਨੂੰ ਭਜ ਉਠੀ। ਘਨਈਆਂ ਦਾ ਫੌਜਦਾਰ ਧਰਮ ਸਿੰਘ ਵਟਾਲਿਓਂ ਬੜੀ ਮੁਸ਼ਕਲ ਨਾਲ ਨਿਕਲ ਸਕਿਆ। ਰਾਮਗੜ੍ਹੀਆਂ ਦੇ ਜਰਨੈਲਾਂ ਭਾਗ ਸਿੰਘ ਅਤੇ ਹਕੂਮਤ ਸਿੰਘ ਨੇ ਵਟਾਲੇ ਤੇ ਕਬਜ਼ਾ ਕਰ ਲਿਆ।

ਹਿਸਟਰੀ ਆਫ ਦੀ ਸਿੱਖ ਮੈਗਰੇਗਰ ਸਫਾ ੧੪੩

---

* ਮੈਗਰੈਗਰ ਆਖਦਾ ਹੈ, ਮੰਗਣੀ ਦੀ ਗਲ ਬਾਤ ਸਦਾ ਕੌਰ ਨੇ ਰਾਜ ਕੌਰ (ਰਣਜੀਤ ਸਿੰਘ ਦੀ ਮਾਂ) ਨਾਲ ਜੁਵਾਲਾ ਮੁਖੀ ਪਹਾੜ ਵਿਖੇ ਕੀਤੀ ਸੀ। ਤੇ ਏਥੇ ਹੀ ਕਿਲਾ ਕਾਂਗੜਾ ਮਹਾਂ ਸਿੰਘ ਨੇ ਜੈ ਸਿੰਘ ਕੋਲੋਂ ਸੰਸਾਰ ਚੰਦ ਨੂੰ ਦਿਵਾ ਦਿਤਾ ਸੀ। ਰਣਜੀਤ ਸਿੰਘ ਇਸ ਵੇਲੇ ਪੰਜਾਂ ਵਰ੍ਹਿਆਂ ਦਾ ਸੀ।

ਰਾਜਿਆਂ ਨੂੰ ਲੈਕੇ ਜੈ ਸਿੰਘ ਨੇ ਵਟਾਲੇ ਘੇਰਾ ਪਾਇਆ ਪਰ ਅਸਫਲ ਰਿਹਾ। ਇਸ ਸਮੇਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਵਟਾਲੇ ਸ਼ਹਿਰ ਦੇ ਗਿਰਦਾ ਗਿਰਦ ਪੱਕੀ ਚਾਰ ਦਿਵਾਰੀ ਬਣਵਾ ਰਿਹਾ ਸੀ।

ਇਨ੍ਹੀ ਦਿਨੀਂ ਸ਼ਾਹਜ਼ਾਦਾ ਜਹਾਂ ਬਖਤ ਆਪਣੀ ਵੀਹ ਹਜ਼ਾਰ ਸੈਨਾ ਨਾਲ ਪਟਿਆਲੇ ਉਪਰ ਚੜ੍ਹ ਆਇਆ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਰਾਜਾ ਅਮਰ ਸਿੰਘ ਦੀ ਸਹਾਇਤਾ ਨੂੰ ਪਟਿਆਲੇ ਪੁਜਾ ਅਤੇ ਜੰਗ ਕਰਕੇ ਮੁਗ਼ਲਾਂ ਦੀ ਫੌਜ ਨੂੰ ਭਜਾ ਦਿਤਾ।

੧੭੯੨ ਵਿਚ ਸਰਦਾਰ ਮਾਂਹ ਸਿੰਘ ਸੁਕਰ ਚਕੀਆ ਪਲੋਕ ਸਿਧਾਰ ਗਿਆ, ਜੈ ਸਿੰਘ ਘਨਈਆ ਪਹਿਲੇ ਮਰ ਚੁਕਾ ਸੀ, ਹੁਣ ਸੁਕਰ ਚਕੀਏ ਅਤੇ ਘਨਈਏ ਇਕ ਤਰਾਂ ਨਾਲ ਇਕੋ ਹੀ ਸਨ। ਸਦਾ ਕੌਰ ਰਣਜੀਤ ਸਿੰਘ ਦੀ ਸੱਸ ਦੋਹਾਂ ਮਿਸਲਾਂ ਉਪਰ ਸਰਦਾਰੀ ਕਰਦੀ ਸੀ, ੧੭੯੬ ਨੂੰ ਜਚ ਸਰਦਾਰ ਰਣਜੀਤ ਸਿੰਘ ਦਾ ਸਿਤਾਰਾ ਚਮਕਿਆ ਤਾਂ ਸਦਾ ਕੌਰ ਨੇ ਰਣਜੀਤ ਸਿੰਘ ਨੂੰ ਨਾਲ ਲੈ ਕੇ ਬਦਲੇ ਦੇ ਭਾਵ ਨਾਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਉਪਰ ਚੜ੍ਹਾਈ ਕਰ ਦਿਤੀ। ਦੋ ਤਿਨ ਮਹੀਨੇ ਮਿਆਣੀ ਦੇ ਕਿਲੇ ਗਿਰਦ ਲੜਾਈ ਹੁੰਦੀ ਰਹੀ, ਪਰ ਕੋਈ ਨਤੀਜਾ ਨਾਂ ਨਿਕਲਿਆ। ਛੇਕੜ ਇਕ ਰਾਤ੍ਰ ਬਿਆਸਾ ਵਿਚ ਐਸਾ ਹੜ ਆਇਆ ਜਿਸ ਨਾਲ ਸਦਾ ਕੌਰ ਅਤੇ ਰਣਜੀਤ ਸਿੰਘ ਦੀਆਂ ਫੌਜਾਂ ਅਤੇ ਕੁਲ ਸਾਮਾਨ ਰੁੜ ਗਿਆ। ਸਦਾ ਕੌਰ ਅਤੇ ਰਣਜੀਤ ਸਿੰਘ ਨੇ ਮਸਾਂ ਜਾਨਾਂ ਬਚਾਈਆਂ। ਇਸ ਤੋਂ ਬਾਦ ਕਦੇ ਕਿਸੇ ਨੂੰ ਜੁਰਤ ਨਹੀਂ ਪਈ ਜੁ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਇਲਾਕੇ ਉਪਰ ਹੱਲਾ ਕਰ ਸਕੇ! ਸੰਨ ੧੭੯੯ ਵਿਚ ਜਦ ਰਣਜੀਤ ਸਿੰਘ ਨੇ ਭੰਗੀਆਂ ਤੋਂ ਲਾਹੌਰ ਖੋਹ ਲਿਆ ਤਾਂ ਭੰਗੀ ਸਰਦਾਰਾਂ, ਸਰਦਾਰ ਸਾਹਿਬ ਸਿੰਘ ਭੰਗੀ

ਅਤੇ ਸਰਦਾਰ ਗੁਲਾਬ ਸਿੰਘ ਭੰਗੀ ਨੇ ਮਹਾਰਾਜਾ ਰਣਜੀਤ ਸਿੰਘ ਨਾਲ ਦੋ ਹਥ ਕਰਨ ਲਈ ਸਰਦਾਰ ਜੱਸਾ ਸਿੰਘ ਰਾਮਅੜ੍ਹੀਆ ਨੂੰ ਆਪਣੀ ਮਦਦ ਉਪਰ ਸਦਿਆ। ਨਜ਼ਾਮ ਦੀਨ ਕਸੂਰੀਆ ਵੀ ਭੰਗੀਆਂ ਨਾਲ ਸੀ। ਮਹਾਰਾਜਾ ਰਣਜੀਤ ਸਿੰਘ ਵੀ ਇਕ ਤਗੜੀ ਫੌਜ ਲੈ ਕੇ ਚੜ੍ਹ ਆਇਆ। ਭਸੀਨ ਪਿੰਡ ਕੋਲ ਦਲਾਂ ਦਾ ਇਕੱਠ ਹੋਇਆ। ਪਰ ਆਖਰ ਰਣਜੀਤ ਸਿੰਘ ਅਤੇ ਭੰਗੀ ਸਰਦਾਰਾਂ ਦੀ ਆਪਸ ਵਿਚ ਸੁਲਾਹ ਹੋ ਗਈ। ਕਹਿੰਦੇ ਹਨ ਇਸ ਸੁਲਾਹ ਦੀ ਖੁਸ਼ੀ ਵਿਚ ਰਾਤ ਨੂੰ ਇਕ ਜਸ਼ਨ ਹੋਇਆ ਜਿਸ ਵਿਚ ਗੁਲਾਬ ਸਿੰਘ ਭੰਗੀ ਐਨਾਂ ਖਾ ਪੀ ਕੇ ਸੁਤਾ ਜੁ ਮੁੜ ਨਾਂ ਉਠਿਆ। ੧੮੦੧ ਨੂੰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਸਰਦਾਰ ਭਾਗ ਸਿੰਘ ਆਹਲੂਵਾਲੀਏ ਨੂੰ ਇਕ ਲਕ ਤੋੜ ਸ਼ਕਸਤ ਦਿਤੀ ਤੇ ਉਸ ਦਾ ਸੈਨਾਪਤੀ ਹਮੀਰ ਸਿੰਘ ਨੂੰ ਮਾਰ ਕੇ ਭਜਾ ਦਿਤਾ। ਭਾਗ ਸਿੰਘ ਆਹਲੂਵਾਲੀਆ ਇਸ ਹਾਰ ਦਾ ਮਾਰਿਆ ਹੋਇਆ ਕਪੂਰਥਲੇ ਆਕੇ ਮਰ ਗਿਆ। ਆਹਲੂਵਾਲੀਆਂ ਦਾ ਬਹੁਤ ਸਾਰਾ ਇਲਾਕਾ ਇਸ ਸਮੇਂ ਰਾਮਗੜ੍ਹੀਆਂ ਦੇ ਹਥ ਆਇਆ।

---

ਇਨ੍ਹੀ ਦਿਨੀਂ ਜੇ ਸਿੰਘ ਨੇ ਕਿਲਾ ਕਾਂਗੜਾ ਸੰਸਾਰ ਚੰਦ ਦੇ ਹਵਾਲੇ ਕਰ ਦਿਤਾ ਸੀ। ਮਾਂਹ ਸਿੰਘ ਨੇ ਵਟਾਲੇ ਘੇਰਾ ਪਾਕੇ ਜੇ ਸਿੰਘ ਦੇ ਅਥਰੂ ਪੁਝਾਂਏ।

—o—

# ਚਲਾਣਾ !

ਅੰਤ ਸਿੰਘ ਬਹਾਦਰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਪੰਜਾਬ ਦੇ ਸਭ ਤੋਂ ਸੁੰਦਰ, ਉਪਜਾਊ ਅਤੇ ਅਬਾਦ, ਖੁੱਲੇ ਡੁੱਲੇ ਇਲਾਕੇ ਤੇ ਰਾਜ ਕਰਦਾ ਹੋਇਆ ਅਪਰੈਲ ਸਨ ੧੮੦੩ ਨੂੰ ਸਚ ਖੰਡ ਚੜ੍ਹ ਗਿਆ। ਆਪ ਦੀ ਸੰਤਾਨ, ਦੋ ਪੁਤਰ ਸਨ ਸਰਦਾਰ ਜੋਧ ਸਿੰਘ ਅਤੇ ਵੀਰ ਸਿੰਘ। ਆਪ ਦੇ ਪਿਛੋਂ ਆਪ ਦੇ ਵਡੇ ਸਪੁਤਰ ਸਰਦਾਰ ਜੋਧ ਸਿੰਘ ਰਾਮਗੜ੍ਹੀਆ ਨੇ ਰਾਜ ਭਾਗ ਸੰਭਾਲਿਆ। ਸਰਦਾਰ ਜੋਧ ਸਿੰਘ ਰਾਮਗੜ੍ਹੀਆ ਵੀ ਆਪਣੇ ਪਿਤਾ ਵਾਂਙ ਬੜਾ ਸੂਰ ਬੀਰ ਅਤੇ ਉਪਕਾਰੀ ਸਰਦਾਰ ਹੋਇਆ।

**"ਜਗ ਰਹੀਆਂ ਕਹਾਣੀਆਂ ਵਾਰਤਾਂ,**
**ਲੁਕੀਆਂ ਤਸਵੀਰਾਂ।"**

* * * *

# ਬੁੰਗਾ ਰਾਮਗੜ੍ਹੀਆਂ !

ਇਹ ਆਲੀਸ਼ਾਨ ਬੁੰਗਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ੧੭੯੫ ਵਿਚ ਬਣਵਾਇਆ। ਇਹ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਦੇ ਠੀਕ ਪੂਰਬ ਵਲ ਹੈ। ਇਮਾਰਤਾਂ ਦੇ ਮਾਹਿਰਾਂ ਦਾ ਖਿਆਲ ਹੈ, ਇਹ ਬੁੰਗਾ ਖੂਬਸੂਰਤੀ ਹੁਨਰ ਅਤੇ ਸ਼ੌਕਤ ਦੇ ਲਿਹਾਜ਼ ਨਾਲ ਆਪਣਾ ਆਪ ਨਮੂਨਾ ਹੈ। ਸੀ. ਜੇ. ਰੌਜਰਜ਼ ਇਸ ਸ਼ਾਨਦਾਰ ਬੁੰਗੇ ਨੂੰ ਅੰਮ੍ਰਿਤਸਰ ਦੀਆਂ ਪੁਰਾਣੀਆਂ ਇਮਾਰਤਾਂ ਵਿਚ ਤੀਜਾ ਦਰਜਾ ਦਿੰਦਾ ਹੈ, ਉਹ ਲਿਖਦਾ ਹੈ: ਇਹ ਬੁੰਗਾ ਸ੍ਰੀ ਦਰਬਾਰ ਸਾਹਿਬ ਦੇ ਸਰੋਵਰ ਦੇ ਪੂਰਬ ਵਲ ਹੈ। ਇਹ ਇਕ ਦਲਾਨ ਦੀ ਸ਼ਕਲ ਵਰਗਾ ਬਰਾਂਡਾ ਹੈ। ਇਹ ਖੂਬਸੂਰਤੀ ਤਰਾਸ਼ੇ ਹੋਏ ਪੱਥਰ ਦੇ ਥਮਾਂ ਦੇ ਆਸਰੇ ਖੜਾ ਹੈ, ਜੋ ਕਿ ਸਾਰੇ ਲਾਹੌਰ ਤੋਂ ਲਿਆਂਦੇ ਗਏ ਸਨ। ਵੇਹੜੇ ਦੇ ਵਿਚ ਦੋ ਮੁਨਾਰੇ ਹਨ, ਜਿਨ੍ਹਾਂ ਦੀ ਉਚਿਆਈ ਲਗ ਭਗ ੧੫੬ ਫੁਟ ਹੈ, ਇਨ੍ਹਾਂਦੀ ਚੋਟੀ ਤੋਂ ਅਸੀਂ ਸ਼ਹਿਰਦੇ ਤੇ ਉਸ ਦੀਆਂ ਲਾਗ ਦੀਆਂ ਥਾਵਾਂ ਦਾ ਬੜਾ ਚੰਗਾ ਦ੍ਰਿਸ਼ ਵੇਖ ਸਕਦੇ ਹਾਂ।

ਪ੍ਰਸਿਧ ਸਿੱਖ ਅਖਬਾਰ ਖਾਲਸਾ ਸਮਾਚਾਰ ਇਸ ਬੁੰਗੇ ਸੰਬੰਧੀ ਲਿਖਦਾ ਹੈ, "ਸ੍ਰੀ ਦਰਬਾਰ ਸਾਹਿਬਦੇ ਦਰਸ਼ਨਾਂ ਲਈ ਜਾਈਏ ਤਦ ਘੰਟੇਘਰ ਵਾਲੀਆਂ ਪੌੜੀਆਂ ਤੋਂ ਉਤਰ ਖੱਬੇ ਹਥ ਵਲੋਂ ਪ੍ਰਕਰਮਾ ਸ਼ੁਰੂ ਕਰਨ ਲਗਿਆਂ ਸਾਮ੍ਹਣੇ ਪਾਸੇ ਇਕ ਆਲੀਸ਼ਾਨ ਬੁੰਗਾ ਨਜ਼ਰੀ ਪੈਂਦਾ ਹੈ। ਇਹ 'ਬੁੰਗਾ' ਰਾਮਗੜ੍ਹੀਆਂ ਬੁੰਗੇ ਦੇ ਨਾਮ ਤੋਂ ਵਿਖਯਾਤ ਹੈ।

ਇਸ ਬੁੰਗੇ ਦੀ ਆਲੀਸ਼ਾਨ ਇਮਾਰਤ ਇਸ ਦੇ ਬਣਉਣ ਵਾਲਿਆਂ ਦੀ ਗੁਰੂ ਚਰਨਾਂ ਨਾਲ ਅਹਿਲ ਸ਼ਰਧਾ ਦੀ ਅਮਿਟ ਗਵਾਹੀ ਤੇ ਇਸ ਉਤੇ ਖਰਚ ਹੋਇਆ ਧਨ ਬਨਾਉਣ ਵਾਲਿਆਂ ਦੇ ਉਚੇ ਤਿਆਗ ਦੇ ਉਛਾਲੇ ਦੀ ਜੀਉਂਦੀ ਜਾਗਦੀ ਮੂੰਹ ਬੋਲਦੀ ਸਾਖ ਹੈ, ਤੇ ਉਸ ਦੇ ਆਕਾਸ਼ ਨਾਲ ਗੱਲਾਂ ਕਰਨ ਵਾਲੇ ਮਿਨਾਰੇ ਮਾਨੋ ਗਗਨ ਭੇਦੀ ਨਗਾਰੇ ਨਾਲ ਐਲਾਨ ਕਰ ਰਹੇ ਹਨ ਕਿ ਇਥੇ ਇਕ ਸੂਰਬੀਰ ਅਣਖੀਲੀ ਕੌਮ ਦਾ ਤੀਰਥ ਹੈ, ਵੈਰੀ ਆਪਣੀ ਜਾਨ ਤੋਂ ਹਥ ਧੋ ਕੇ ਇਧਰ ਆਉਣ"। ਇਸ ਲੇਖ ਵਿਚ ਖਾਲਸਾ

ਸਮਾਚਾਰ ਲਿਖਦਾ ਹੈ, ਸ੍ਰੀ ਅੰਮ੍ਰਿਤਸਰ ਹਰੀ ਮੰਦਰ ਸਿੱਖਾਂ ਦਾ ਕੇਂਦਰੀ ਗੁਰਦੁਵਾਰਾ ਸੀ, ਇਸ ਥਾਂ ਦੀ ਬੇ-ਅਦਬੀ ਕਰਨੀ ਤੇ ਇਸ ਦਾ ਨਾਮੋ ਨਿਸ਼ਾਨ ਮਿਟਾ ਦੇਣਾ ਜਰਵਾਣਾ ਤੇ ਅਨਿਆਈ ਹਾਕਮਾਂ ਆਪਣਾ ਦੀਨ ਈਮਾਨ ਸਮਝ ਰਖਿਆ ਸੀ। ਇਸ ਵਾਸਤੇ ਸ੍ਰੀ ਅਕਾਲਤਖਤ ਸਜੇ ਇਕ ਦੀਵਾਨ ਵਿਚ ਰਾਮਗੜ੍ਹੀਆਂ ਘਨਈਆਂ ਭੰਗੀਆਂ ਤੇ ਆਹਲੂਵਾਲੀਆਂ ਦੀਆਂ ਮਿਸਲਾਂ ਦੇ ਸ੍ਰੀ ਦਰਬਾਰ ਸਾਹਿਬ ਦੀ ਰਖਵਾਲੀ ਦੀ ਸੇਵਾ ਸਪੁਰਦ ਹੋਈ। ਇਨ੍ਹਾਂ ਚਾਰ ਮਿਸਲਾਂ ਨੇ ਜੋ ਉਸ ਵੇਲੇ ਪੂਰੇ ਜੋਬਨ ਵਿਚ ਸਨ, ਆਪਣੇ ਜਵਾਨਾਂ ਦੇ ਰਹਿਣ ਲਈ ਚਾਰ ਬੁੰਗੇ ਕਹੋ ਜਾਂ ਚਾਰ ਛਾਉਣੀਆਂ ਆਖੋ ਬਣਾਈਆਂ। ਪਹਿਲਾਂ ਘਨਈਆਂ ਦੀ ਮਿਸਲ ਦਾ ਬੁੰਗਾ ਬਣਿਆ ਤੇ ਇਸ ਤੋਂ ਪਿਛੋਂ ੧੮੧੧ ਬਿਕ੍ਰਮੀ ਦੇ ਕਰੀਬ ਰਾਮਗੜ੍ਹੀਆ ਮਿਸਲ ਦੇ ਦੋ ਲਖ ੭੫ ਹਜ਼ਾਰ ਦ ਖਰਚ ਨਾਲ ਰਾਮਗੜ੍ਹੀਆਂ ਦਾ ਬੁੰਗਾ ਤਿਆਰ ਹੋਇਆ,,। ਇਸ ਬੁੰਗੇ ਵਿਚ ਤਿਨ ਤਹਿਖਾਨੇ ਹਨ, ਧੁਰ ਹੇਠਲੇ ਤਹਿਖਾਨੇ ਵਿਚ ਖੂਹ ਹੈ, ਇਸ ਹਿੱਸੇ ਵਿਚ ੧੦੦ ਦੇ ਕਰੀਬ ਜੁਵਾਨ ਬੈਠ ਸਕਦਾ ਹੈ ਇਸ ਤੋਂ ਉਤਲੇ ਤੇ ਦੂਜੇ ਤਹਿਖਾਨੇ ਦੀ ਛਤ ਉਤੇ ਵੀ ਇੰਨੇ ਹੀ ਸੂਰਬੀਰ ਠਹਿਰ ਸਕਦੇ ਹਨ, ਇਸ ਤੋਂ ਉਤਲੀ ਛਤ ਵਿਚ ੪੦੦ ਦੇ ਕਰੀਬ ਆਦਮੀ ਡੇਰਾ ਕਰ ਸਕਦੇ ਹਨ,,

ਇਸ ਬੁੰਗੇ ਵਿਚ ਇਕ ਬੜੀ ਸੁੰਦਰ ਅਬਰੀਦਾਰ ਪੱਥਰ ਦੀ ਸਿਲ ਪਈ ਹੈ, ਜੋ ੬ ਫੁਟ ਲੰਮੀ ਤੇ ੬ ਫੁਟ ਚੌੜੀ ਹੈ ਅਤੇ ਵਡਮੁਲੀ ਦਸੀ ਜਾਂਦੀ ਹੈ। ਆਖਦੇ ਹਨ ਸ: ਜੱਸਾ ਸਿੰਘ ਰਾਮਗੜ੍ਹੀਆ ਨੇ ਦਿੱਲੀ ਦੀ ਫਤਹਿ ਵੇਲੇ ਇਹ ਲਾਲ ਕਿਲੇ ਚੋਂ ਚੁਕ ਲਿਆਂਦੀ ਸੀ ਇਸ ਉਪਰ ਮੁਗ਼ਲਾਂ ਨੂੰ ਰਾਜ ਤਿਲਕ ਦਿਤਾ ਜਾਂਦਾ ਸੀ।

ਧਰਮ ਸਿੰਘ ਕਲੇਰ ਦੇ ਲੇਖ ਚੋਂ, ਰਾਮਗੜ੍ਹੀਆ ਗਜ਼ਟ ਸ਼ਿਮਲਾ ੧੫ ਫਰਵਰੀ ੧੯੫੧। ਰਾਮਗੜ੍ਹੀਆ ਬੀਰ ੨੪ ਅਗਸਤ ੧੯੪੪ (ਖਾਲਸਾ ਸਮਾਚਾਰ)

# ਸਿੰਘ ਬਹਾਦਰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਤੇ ਉਸ ਦੇ ਸੂਰਬੀਰ ਭਰਾਵਾਂ ਤੇ ਇਕ ਨਜ਼ਰ ।

ਸਿੰਘ ਬਹਾਦਰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਆਪਣੇ ਵੇਲੇ ਦਾ ਇਕ ਬੜਾ ਸਿਆਣਾ ਅਤੇ ਬੇ-ਨਜ਼ੀਰ ਜੋਧਾ ਸੀ । ਆਪ ਦੀ ਸਿਆਣਪ, ਦਲੇਰੀ, ਬਹਾਦਰੀ ਅਤੇ ਹੌਸਲੇ ਨੂੰ ਸਾਰੇ ਇਤਿਹਾਸ-ਕਾਰਾਂ ਨੇ ਮਨਿਆ ਹੈ । ਕਦ ਕਾਠ ਵਲੋਂ ਉਹ ਮਾਝੇ ਦੇ ਜਵਾਨਾਂ ਦਾ ਉਹ ਆਪ ਨਮੂਨਾ ਸੀ । ਬਲ ਅਤੇ ਜੋਸ਼ ਵਲੋਂ, ਕਾਜ਼ੀ ਨੂਰ ਮੁਹੰਮਦ ਆਖਦਾ, ਉਹ ਸ਼ੇਰ ਵਾਂਙ ਸੀ । ਆਪ ਦੀ ਬਾਬਤ ਲਿਖਦਾ ਹੋਇਆ ਪ੍ਰਸਿਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਲਿਖਦਾ ਹੈ, "ਸਰਦਾਰ ਜੱਸਾ ਰਾਮਗੜ੍ਹੀਆ ਇਕ ਬੜਾ ਹੀ ਲਾਇਕ ਦਾਨਾ ਤੇ ਬਹਾਦਰ ਆਦਮੀ ਸੀ, ਇਸ ਕਰਕੇ ਉਸ ਨੇ ਆਪਣੇ ਸਮੇਂ ਦੇ ਸਰਦਾਰਾਂ ਦੀ ਕਦੇ ਪ੍ਰਵਾਹ ਨਹੀਂ ਕੀਤੀ ਸੀ । ਇਸ ਦਾ ਇਨਾਂ ਦਬ-ਦਬਾ ਤੇ ਰੋਹਬ ਸੀ ਕਿ ਦੂਜੇ ਸਰਦਾਰ ਇਹਦਾ ਨਾਮ ਸੁਣਕੇ ਡਰ ਜਾਂਦੇ ਸਨ । ਹੌਸਲੇ ਵਾਲਾ ਤੇ ਇਨਾਂ ਸੂਰਮਾ ਸੀ ਕਿ ਜਿਥੇ ਤੋਪਾਂ ਤੇ ਬੰਦੂਕਾਂ ਦੀਆਂ ਗੋਲੀਆਂ ਮੀਂਹ ਵਾਂਙ ਵਸਦੀਆਂ ਹੋਂਦਿਆਂ ਸਨ ਉਥੇ ਨਿਡਰ ਹੋਕੇ ਅਪੜ ਜਾਂਦਾ ਸੀ ।"

ਪ੍ਰਾਚੀਨ ਪੰਥ ਪ੍ਰਕਾਸ਼ ਦਾ ਕਰਤਾ ਵੀ ਆਪ ਦੇ ਮਾਂਹ ਬਲੀ ਬਹਾਦਰ ਹੋਣ ਦੀ ਗਵਾਹੀ ਦਿੰਦਾ ਹੈ । ਉਹ ਆਖਦਾ ਹੈ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਤੇ ਉਸਦੇ ਭਰਾ ਐੱਡੇ ਜੋਧੇ ਸਨ ਕਿ ਜਿਨ੍ਹਾਂ ਨਾਲ ਲੜ ਕੇ ਕੋਈ ਪੂਰਾ ਨਹੀਂ ਸੀ ਉਤਰ ਸਕਦਾ । ਉਹ ਇਥੋਂ ਤਕ ਆਖਦਾ ਹੈ ਸੰਸਾਰ ਵਿਚ ਉਨ੍ਹਾਂ ਦੀ ਪਿਠ ਕਿਸੇ ਨਹੀਂ ਦੇਖੀ । ਇਕ ਦਿਨ ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਕਾਂਗੜਾ

ਜਾ ਮੱਲਿਆ ਸੀ। ਇਤਿਹਾਸ ਦਸਦਾ ਹੈ, ਜਦ ਵੀ ਕਦੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨਾਲ ਉਸ ਦੇ ਵੈਰੀਆਂ ਨੂੰ ਲੜਨਾ ਪਿਆ ਉਨ੍ਹਾਂ ਨੂੰ ਹਦ ਤੋਂ ਜ਼ਿਆਦਾ ਤਾਕਤ ਇਕੱਠੀ ਕਰਨੀ ਪਈ। ਇਹ ਗਲ ਸੰਸਾਰ ਵਿਚ ਰੋਸ਼ਨ ਹੈ, ਉਸ ਸਮੇਂ ਦੇ ਸਾਰੇ ਸਿੰਘ ਸਰਦਾਰਾਂ ਵਿਚੋਂ ਸਿਰਫ ਇਕ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਸੀ, ਜਿਸ ਨੇ ਆਪਣੀ ਵਾਹਦ ਇਕਲੀ ਤਾਕਤ ਨਾਲ ਦਿੱਲੀ ਉਪਰ ਹਮਲਾ ਕੀਤਾ।

ਇਤਿਹਾਸਕਾਰ ਆਖਦੇ ਹਨ ਜਿਥੇ ਉਹ ਐੱਡਾ ਵਡਾ ਸੂਰ-ਬੀਰ ਅਤੇ ਬਲੀ ਪੁਰਖ ਸੀ, ਉਥੇ ਪ੍ਰਉਪਕਾਰੀ, ਆਏ ਨੂੰ ਸਹਾਇਤਾ ਦੇਣ ਵਾਲਾ, ਅਤੇ ਗੁਰੂ ਪੰਥ ਦਾ ਸੇਵਕ ਵੀ ਰਜ ਕੇ ਸੀ। ਰਾਜੇ ਤੋਂ ਲੈਕੇ ਗਰੀਬ ਤਕ ਜੋ ਕੋਈ ਰਾਮਗੜ੍ਹੀਆ ਸਰਦਾਰ ਪਾਸ ਮਦਦ ਲਈ ਆ ਗਿਆ, ਆਪ ਨੇ ਕਦੇ ਨਾਂਹ ਨਾਂ ਕੀਤੀ। ਗਰੀਬ ਬ੍ਰਾਹਮਣ ਆਉਂਦੇ ਹਨ ਅਰਜ ਕਰਦੇ ਹਨ, ਹਿਸਾਰ ਦਾ ਹਾਕਮ ਸਾਡੀਆਂ ਲੜਕੀਆਂ ਚੁਕ ਕੇ ਲੈ ਗਿਆ ਹੈ, ਉਹ ਉਸੇ ਵੇਲੇ ਹਿਸਾਰ ਤੇ ਚੜ੍ਹਾਈ ਕਰਦਾ ਹੈ। ੧੭੭੮-੭੯ * ਵਿਚ ਰਾਜਾ ਅਮਰ ਸਿੰਘ ਪਟਿਆਲੇ ਵਾਲਾ ਆਖਦਾ ਹੈ ਮੇਰੇ ਤੇ ਸ਼ਾਹਜ਼ਾਦਾ ਜਹਾਂ ਬਖਤ ਚੜ੍ਹ ਆਇਆ ਹੈ, ਸਹਾਇਤਾ ਕਰੋ। ਉਹ ਉਸੇ ਵੇਲੇ ਤਾਬੜ ਤੋੜ ਮੁਗ਼ਲਾਂ ਉਪਰ ਜਾਂ ਪੈਂਦਾ ਹੈ। ਰਾਜ ਖਾਲਸਾ ਵਿਚ ਲਿਖਿਆ ਹੈ,

---

* ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਰਾਜਾ ਅਮਰ ਸਿੰਘ ਪਟਿਆਲੇ ਵਾਲੇ ਦੀ ਸਹਾਇਤਾ ਵਾਸਤੇ, ਸ਼ਾਹਜ਼ਾਦਾ ਜਹਾਂ ਬਖਤ ਨਾਲ ੧੭੭੮-੭੯ ਵਿਚ ਲੜਿਆ ਸੀ। ਪਰ ਪਿਛੇ ਗਲਤੀ ਨਾਲ ਸਫਾ ੯੬ ਪਰ, ਰਾਜ ਭਾਗ ਸੰਭਾਲਣ ਤੋਂ ਬਾਦ ਲਿਖਿਆ ਗਿਆ ਹੈ। ਅਗਲੀ ਐਡੀਸ਼ਨ ਵਿਚ ਥਾਂ ਸਿਰ ਕਰ ਲਿਆ ਜਾਵੇਗਾ।

ਦਾਨੀ ਤੇ ਸ਼ਰਨ ਪਾਲ ਇੰਨਾਂ ਸੀ ਕਿ ਜੇ ਕੋਈ ਇਹਦੀ ਸ਼ਰਨ ਆ ਜਾਏ ਤਦ ਇਹ ਉਹਦੀ ਰਖਿਯਾ ਲਈ ਆਪਣੀ ਜਾਨ ਤਕ ਵੀ ਦੇ ਦੇਣ ਨੂੰ ਤਿਆਰ ਹੋ ਜਾਂਦਾ ਸੀ।

ਆਖਦੇ ਹਨ ਗੁਲਾਮ ਕਾਦਰ ਦਾ ਭਰਾ ਭੰਬੂ ਖਾਂ ਬਾਦਸ਼ਾਹ ਨੂੰ ਵਢ ਕੇ ਆਪ ਦੀ ਸ਼ਰਨ ਆ ਗਿਆ। ਆਪ ਨੇ ਇਕ ਪਿੰਡ ਇਲਾਕਾ ਮਾਝੇ ਵਿਚ ਜਗੀਰ ਦੇ ਕੇ ਉਸ ਨੂੰ ਰਖਿਆ। ਗਿਆਨੀ ਗਿਆਨ ਸਿੰਘ ਆਖਦਾ ਹੈ ਸਰਦਾਰ ਦਾ "ਇਕ ਬ੍ਰਾਹਮਣ ਜੋ ਮਹਾਰਾਜਾ ਰਣਜੀਤ ਸਿੰਘ ਦਾ ਦੋਸੀ ਸੀ, ਜਦ ਨਸ ਕੇ ਉਹਦੇ ਪਾਸ ਆਇਆ ਤਦ ਇਹ ਨੇ ਚਾਰ ਮਹੀਨੇ ਤਕ ਉਹਦੇ ਵਾਸਤੇ ਲੜਾਈ ਜਾਰੀ ਰਖੀ, ਕਿੰਤੂ ਉਹਨੂੰ ਵਾਪਸ ਨਾਂ ਕੀਤਾ।"

ਇਤਿਹਾਸਾਂ ਤੋਂ ਪਤਾ ਲਗਦਾ ਹੈ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਗੁਰ ਧਾਮਾਂ ਦੀ ਵੀ ਬੇ-ਅੰਤ ਸੇਵਾ ਕੀਤੀ। ਤਰਨ ਤਾਰਨ ਸਾਹਿਬ ਦੀ ਸੇਵਾ, ਸ੍ਰੀ ਹਰੀ ਮੰਦਰ ਸਾਹਿਬ ਅੰਮ੍ਰਿਤਸਰ ਦੀ ਸੇਵਾ, ਅਤੇ ਦਿੱਲੀ ਪੁਜ ਕੇ ਸੀਸ ਗੰਜ ਸਾਹਿਬ, ਰਕਾਬ ਗੰਜ ਸਾਹਿਬ ਅਤੇ ਹੋਰ ਗੁਰਦੁਵਾਰਿਆਂ ਦੀ। ਆਪਣੇ ਰਾਜ ਦੇ ਇਲਾਕੇ ਵਿਚ ਘੁਮਾਣਾ ਵਿਖੇ ( ਜ਼ਿਲਾ ਗੁਰਦਾਸ ਪੁਰ ) ਆਪ ਨੇ ਭਗਤ ਨਾਮ ਦੇਵ ਦਾ ਅਸਥਾਨ ਪੱਕਾ ਬਣਵਾਇਆ।

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਸਾਰਾ ਜੀਵਨ ਜੁਧਾਂ ਜੰਗਾਂ ਵਿਚ ਲੰਘਿਆ। ਪਰ ਐਡੀ ਸਖਤ ਉਮਰ ਵਿਤਾਂਦਿਆਂ ਹੋਇਆਂ ਵੀ ਆਪ ਦੇ ਅੰਦਰ ਇਕ ਨਰਮ ਦਿਲ ਸੀ। ਹਮਦਰਦੀ ਭਰਿਆ ਦਿਲ। ਆਪ ਨੇ ਆਪਣੇ ਜੀਵਨ ਵਿਚ ਕਦੇ ਕਿਸੇ ਨਾਲ ਸਖਤੀ ਦਾ ਵਰਤਾਓ ਨਹੀਂ ਸੀ ਕੀਤਾ। ਆਪ ਮਿਤਰਾਂ ਦੇ ਮਿਤਰ ਅਤੇ ਯਾਰਾਂ ਦੇ ਯਾਰ ਸਨ। ਆਪ ਦੇ ਅੰਦਰ ਵਡਾ ਗੁਣ ਇਹ ਸੀ ਜੁ ਆਪ ਦੁਸ਼ਮਨਾਂ ਦੀ ਵਧੀਕੀ ਨੂੰ ਵੀ ਨਜ਼ਰ ਅੰਦਾਜ਼ ਕਰ


ਛਡਦੇ ਸਨ। ਅਤੇ ਉਹਨਾਂ ਦੇ ਔਖਿਆਂ ਵੇਲਿਆਂ ਵਿਚ ਜਾ ਮਦਦਗਾਰ ਹੁੰਦੇ ਸਨ । ਆਪ ਪੂਰਨ ਗੁਰ ਸਿਖ ਸਨ, ਅਤੇ ਗਿਆਨੀ ਭਗਵਾਨ ਸਿੰਘ ਦੇ ਸਪੁਤਰ ਹੁੰਦਿਆਂ ਹੋਇਆਂ ਗੁਰ ਬਾਣੀ ਦੇ ਅਭਿਆਸੀ। ਆਪ ਜੀ ਦੇ ਵਰਿਆਮ ਭਰਾਵਾਂ ਨੂੰ ਇਤਿਹਾਸਕਾਰਾਂ ਨੇ ਕੁਝ ਸਖਤ ਅਤੇ ਜੁਸ਼ੀਲੇ ਸੁਭਾ ਦੇ ਦਸਿਆ ਹੈ। ਕਿਸੇ ਹਦ ਤਕ ਇਹ ਹੈ ਵੀ ਦਰੁਸਤ, ਸਾਰੇ ਭਰਾਵਾਂ ਵਿਚੋਂ ਸਰਦਾਰ ਮਾਲੀ ਸਿੰਘ ਬਹੁਤ ਕਰੜਾ ਸੀ। ਇਸੇ ਕਰਕੇ ਇਸ ਨੂੰ ਆਪ ਨੇ ਪਹਾੜੀ ਇਲਾਕੇ ਦੇ ਕਰੜੇ ਅਤੇ ਲੜਾਕੇ ਰਾਜਪੂਤਾਂ ਦੇ ਸਿਰ ਉਪਰ ਰਖਿਆ ਹੋਇਆ ਸੀ। ਸਰਦਾਰ ਮਾਲੀ ਸਿੰਘ ਸਬੰਧੀ ਕਹਿੰਦੇ ਹਣ ਇਹ ਆਪਣੇ ਸਾਹਮਣੇ ਬੱਦਲ ਵੀ ਨਹੀਂ ਗੱਜਣ ਦਿੰਦਾ ਸੀ। ਰਵਾਇਤ ਹੈ ਜਿਨੀਂ ਦਿਨੀਂ ਮਾਲੀ ਸਿੰਘ ਵਟਾਲੇ ਦਾ ਕਿਲੇਦਾਰ ਸੀ, ਇਕ ਦਿਨ ਬੱਦਲ ਗੱਜਿਆ, ਉਸ ਨੇ ਆਪਣੇ ਸਿਪਾਹੀਆਂ ਨੂੰ ਹੁਕਮ ਦਿਤਾ, ਬੰਦੂਕਾਂ ਚਲਾਓ ਅਤੇ ਇਸ ਨੂੰ ਉੜਾ ਦਿਓ।

ਜਿਨ੍ਹਾਂ ਇਲਾਕਿਆਂ ਵਿਚ ਆਪ ਦਾ ਰਾਜ ਸੀ, ਉਨ੍ਹਾਂ ਇਲਾਕਿਆਂ ਵਿਚ ਅਜ ਵੀ ਆਪ ਦੇ ਰਾਜ ਦੀਆਂ ਬਾਤਾਂ ਪੈਂਦਿਆਂ ਹਨ। ਸ੍ਰੀ ਹਰਿ ਗੋਬਿੰਦ ਪੁਰ ਦੇ ਖਸਤਾ ਮਹਲ ਆਪਣੀ ਪੁਰਾਣੀ ਸ਼ਾਨ ਸ਼ੌਕਤ ਦੀ ਹੁਣ ਵੀ ਕਹਾਣੀ ਪਾਉਂਦੇ ਹਨ।

ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਲਿਖਿਆ ਹੈ।

ਚਾਰੇ ਭਾਈ ਅਤਿ ਬਡ ਸੂਰੇ। ਜਿਨ ਸੋਂ ਲਰ ਕੋਉ ਉਤਰਯੋ ਨਾਂ ਪੂਰੇ।
ਉਨ ਕੀ ਪਿਠ ਦੇਖੀ ਕਿਨ ਨਾਂਹਿ। ਮੱਲਯੋ ਕਾਂਗੜੇ ਇਕ ਦਿਨ ਮਾਂਹਿ।
ਸਤ ਧਾਰਨ ਕੇ ਭੀ ਪਾਤਿਸ਼ਾਹ। ਲਾ ਕਰ ਕਸੂਰ ਥੋਂ ਮੁਲਕ ਉਨ ਪਾਹਿ।
ਅੰਮ੍ਰਿਤਸਰ ਮੇਂ ਹਿੱਸੇ ਚਹਾਰਮ। ਹਾਂਸੀ ਹਿਸਾਰ ਮਲ ਕਰੀ ਗੁਜ਼ਾਰਮ।

# ਸ਼ਜਰਾ


ਹਰਦਾਸ ਸਿੰਘ
ਭਗਵਾਨ ਸਿੰਘ
ਜੈ ਸਿੰਘ
ਜੱਸਾ ਸਿੰਘ
ਖੁਸ਼ਹਾਲ ਸਿੰਘ
ਮਾਲੀ ਸਿੰਘ
ਤਾਰਾ ਸਿੰਘ
ਜੋਧ ਸਿੰਘ
ਵੀਰ ਸਿੰਘ
ਮਹਿਤਾਬ ਸਿੰਘ
ਦੀਵਾਨ ਸਿੰਘ
ਜੈਮਲ ਸਿੰਘ
ਮੇਹਰ ਸਿੰਘ
ਹੀਰਾ ਸਿੰਘ
ਮੰਗਲ ਸਿੰਘ
ਉੱਤਮ ਸਿੰਘ
ਸੋਭਾ ਸਿੰਘ
ਮੰਗਲ ਸਿੰਘ
ਗੁਰਦਿਤ ਸਿੰਘ
ਇਹ ਗ੍ਰੰਥ ਪੁਰੇ ੩੦੦) ਦਾ ਜਾਗੀਰਦਾਰ ਹੈ
ਸੁਚੇਤ ਸਿੰਘ
ਸ਼ੇਰ ਸਿੰਘ
ਧਰਤਾ ਸਿੰਘ
੫੦੦) ਦਾ ਜਾਗੀਰਦਾਰ ਹੈ
ਅਤਰ ਸਿੰਘ
ਹਰਿਗੋਬਿੰਦਪੁਰ ੬੦੦) ਦਾ ਜਾਗੀਰਦਾਰ
ਬਿਸ਼ਨ ਸਿੰਘ
ਸੰਤ ਸਿੰਘ
ਸੁੰਦਰ ਸਿੰਘ
ਨਰੈਣ ਸਿੰਘ

# ਬੇਨਤੀ ?

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਜੀਵਨ ਮੈਂ ਹਰ ਤਰ੍ਹਾਂ ਨਾਲ ਵਿਗਿਆਨਕ ਲੀਹਾਂ ਤੇ ਲਿਖਣ ਦਾ ਜਤਨ ਕੀਤਾ ਹੈ। ਅਤੇ ਕੋਈ ਗਲ ਬਗੈਰ ਤਵਾਰੀਖੀ ਹਵਾਲੇ ਤੋਂ ਦੇਣ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਹਰ ਘਟਨਾ ਨੂੰ ਪੂਰੀ ਖੋਜ ਪੜਤਾਲ ਮਗਰੋਂ ਥਾਂ ਦਿਤੀ ਗਈ ਹੈ। ਵਲਵਲੇ ਤੇ ਕਲਪਣਾ ਨੂੰ ਫਟਕਣ ਨਹੀਂ ਦਿਤਾ ਗਿਆ। ਰਬ ਦਾ ਲਖ ਲਖ ਸ਼ੁਕਰ ਹੈ ਜੁ ਮੈਂ ਇਤਿਹਾਸਕਾਰੀ ਦੇ ਫਰਜ਼ਾਂ ਨੂੰ ਪੂਰੀ ਨੇਕ ਨੀਤੀ ਨਾਲ ਨਿਭਾ ਸਕਿਆ ਹਾਂ। ਹੇਠਾਂ ਉਨ੍ਹਾਂ ਇਤਿਹਾਸਕ ਪੁਸਤਕਾਂ ਦੀ ਫਰਿਸਤ ਦਿੰਦਾਂ ਹਾਂ ਜਿਨ੍ਹਾਂ ਦੇ ਆਸਰੇ ਮੈਂ ਇਸ ਪੁਸਤਕ ਦੀ ਉਸਾਰੀ ਕਰ ਸਕਿਆ ਹਾਂ।


੧. ਹਿਸਟਰੀ ਆਫ ਦੀ ਪੰਜਾਬ---ਸੱਯਦ ਮੁਹੰਮਦ ਲਤੀਫ
੨. ਚੀਫਜ਼ ਐਂਡ ਫੈਮਲੀਜ਼ ਆਫ਼ ਨੋਟ----ਗਰਿਫਨ
੩. ਹਿਸਟਰੀ ਆਫ ਦੀ ਸਿਖਸ---ਕੰਨਿਘਮ
੪. ਹਿਸਟਰੀ ਆਫ ਦੀ ਸਿਖਸ----ਮੈਗਰੇਗਰ
੫. ਹਿਸਟਰੀ ਆਫ ਦੀ ਪੰਜਾਬ ਹਿਲਜ਼ ਸਟੇਟ--ਹਿਚਸਨ-ਐਸ. ਈ. ਜੇ. ਵਾਗਲ
੬. ਫਾਲ ਆਫ ਦੀ ਮੁਗ਼ਲ ਇੰਪਾਇਰ----ਸਰ ਜਾਦੂ ਨਾਥ
੭. ਟਰਾਈਬਜ਼ ਐਂਡ ਕਾਸਟਸ---ਰੋਜ਼
੮. ਰਾਜਾਜ਼ ਆਫ ਪੰਜਾਬ---ਗਰਿਫਨ
੯. ਬੰਦਾ ਸਿੰਘ ਬਹਾਦਰ---ਪ੍ਰੋਫੈਸਰ ਗੰਡਾ ਸਿੰਘ

੧੦. ਹਿਸਟਰੀ ਆਫ ਦੀ ਸਿਖਸ--ਡਾ: ਹਰੀ ਰਾਮਗੁਪਤਾ
੧੧. ਟਰਾਂਸ ਫਾਰਮੇਸ਼ਨ ਆਫ ਸਿਖ ਇਜ਼ਮ--
ਸਰ ਗੋਕਲ ਚੰਦ ਨਾਰੰਗ
੧੨. ਓਰਿਜਨ ਐਂਡ ਫਾਰਮੇਸ਼ਨ ਆਫ ਦੀ ਰਾਮਗੜ੍ਹੀਆ--
ਟਹਿਲ ਸਿੰਘ ਨਾਰੂ
੧੩. ਸ਼ਾਰਟ ਹਿਸਟਰੀ ਆਫ ਦੀ ਸਿਖਸ---ਪੇਨ
੧੪. ਅੰਮ੍ਰਿਤਸਰ ਗਜ਼ਟੀਅਰ
੧੫. ਗੁਰਦਾਸ ਪੁਰ ਗਜ਼ਟੀਅਰ
੧੬. ਲਾਹੌਰ--ਸੱਯਦ ਮੁਹੰਮਦ ਲਤੀਫ
੧੭. ਲਾਹੌਰ ਸ਼ਹਿਰ ਉਰਦੂ ਅੱਖਰ ਬੋਲੀ ਪੰਜਾਬੀ ਕਰਨਲ
ਭੋਲਾ ਨਾਥ
੧੮. ਜੰਗ ਨਾਮਾ--ਕਾਜ਼ੀ ਨੂਰ ਮੁਹੰਮਦ
੧੯. ਆਲਾ ਸਿੰਘ--ਕਰਮ ਸਿੰਘ
੨੦. ਮਹਾਰਾਜਾ ਕੌੜਾ ਮਲ ਬਹਾਦਰ--ਪ੍ਰੋਫੈਸਰ ਗੰਡਾ ਸਿੰਘ
੨੧. ਜ਼ਰਣ ਹਰੀ ਵਿਸਥਾਰ--ਡਾਕਟਰ ਬਲਬੀਰ ਸਿੰਘ
੨੨. ਪੰਥ ਪ੍ਰਕਾਸ਼--ਗਿਆਨੀ ਗਿਆਨ ਸਿੰਘ
੨੩. ਪ੍ਰਾਚੀਨ ਪੰਥ ਪ੍ਰਕਾਸ਼--ਰਤਨ ਸਿੰਘ ਭੰਗੂ
੨੪. ਰਾਜ ਖਾਲਸਾ--ਗਿਆਨੀ ਗਿਆਨ ਸਿੰਘ
੨੫. ਸ੍ਰੀ ਗੁਰ ਪ੍ਰਤਾਪ ਗ੍ਰੰਥਾਵਲੀ ਦੀ ਪ੍ਰਸਤਾਵਨਾ--ਭਾਈ
ਵੀਰ ਸਿੰਘ
੨੬. ਸਿਖ ਰਾਜ ਦੇ ਉਸਰਈਏ--ਬਾਵਾ ਪ੍ਰੇਮ ਸਿੰਘ
੨੭. ਸਿਖ ਇਤਿਹਾਸਕ ਲੈਕਚਰ--ਗਿ: ਪ੍ਰਤਾਪ ਸਿੰਘ ਜੱਥੇਦਾਰ
੨੮. ਸਿੱਖਾਂ ਨੇ ਰਾਜ ਕਿਵੇਂ ਲਿਆ--ਗਿਆਨੀ ਲਾਲ ਸਿੰਘ
੨੯. ਬੰਦਾ ਬਹਾਦਰ--ਗਿਆਨੀ ਹਰਨਾਮ ਸਿੰਘ "ਬੱਲਭ"

੩੦. ਮਹਾਰਾਜਾ ਰਣਜੀਤ ਸਿੰਘ--ਬਾਵਾ ਪ੍ਰੇਮ ਸਿੰਘ ਹੋਤੀ

੩੧. ਰਣਜੀਤ ਸਿੰਘ--ਲੇਪਲ ਗਰਿਫਨ

੩੨. ਵਾਰ ਨਾਦਰ ਸ਼ਾਹ--ਨਜਾਬਤ

੩੩. ਓਰਿਜਨ ਐਂਡ ਰਾਈਜ਼ਿੰਗ ਪਾਵਰ ਆਫ ਸਿਖਸ--ਪ੍ਰਿੰਸ

੩੪. ਸਿਖ ਇਤਿਹਾਸ ਬਾਰੇ--ਪ੍ਰੋਫੈਸਰ ਗੰਡਾ ਸਿੰਘ

੩੫. ਤੇਗ ਖਾਲਸਾ--ਗਿਆਨੀ ਕਰਤਾਰ ਸਿੰਘ ਕਲਾਸਵਾਲੀਆ

੩੬. ਰਾਇਸਾਨੇ ਪੰਜਾਬ--ਹਾਦੀ ਹੁਸੈਨ ਰਜਬ ਅਲੀ

੩੭. ਰਾਮਗੜ੍ਹੀਆ ਬੀਰ--੧੪ ਅਗਸਤ ੧੯੪੪

੩੮. ਖਾਲਸਾ ਸਮਾਚਾਰ--ਅੰਮ੍ਰਿਤਸਰ

੩੯. ਰਾਮਗੜ੍ਹੀਆ ਗਜ਼ਟ--੧੫ ਫਰਵਰੀ ੧੯੫੧


--o--

SIMLA

Library IIAS, Shimla
P 954.55 H 747 J
00021839